


# ਸ਼ਹੀਦ-ਏ-ਆਜ਼ਮ

SHAHEED-E-AZAM, DAILY PUNJABI NEWSPAPER, PATIALA    ਰੋਜ਼ਾਨਾ ਪੰਜਾਬੀ ਅਖ਼ਬਾਰ, ਪਟਿਆਲਾ




PRGI (RNI) Regd. No. 42354 | Website : www.shaheedeazamnews.com | e-mail:seanewspatiala@gmail.com | Tel.: 0175-5124275, 9814632807 | Facebook: ShaheedeAzamnews | Youtube: @ShaheedeAzamnews

Year: 43 | Issue : 7 | Chief Editor : Chowdhary Prabhjit Singh, | Editor : Chhatarpal Singh 98145-32807, | Tuesday 16 June 2026 | Price : 2 Rs. | Page : 6

## RTE Act ਲਾਗੂ ਨਾ ਹੋਣ ਦੇ ਦੋਸ਼ਾਂ ’ਤੇ ਸੁਪਰੀਮ ਕੋਰਟ ਵੱਲੋਂ ਕੇਂਦਰ ਅਤੇ ਪੰਜਾਬ ਸਰਕਾਰ ਨੂੰ ਨੋਟਿਸ ਜਾਰੀ ਕੀਤਾ

**ਦਿੱਲੀ, 15 ਜੂਨ**
**-ਚੌਧਰੀ ਪ੍ਰਭਜੀਤ ਸਿੰਘ-**

ਸੁਪਰੀਮ ਕੋਰਟ ਨੇ ਸੋਮਵਾਰ ਨੂੰ ਕੇਂਦਰ ਅਤੇ ਪੰਜਾਬ ਸਰਕਾਰ ਨੂੰ ਇੱਕ ਜਨਹਿੱਤ ਪਟੀਸ਼ਨ (ਪੀ.ਆਈ.ਐੱਲ.) ਦਾ ਜਵਾਬ ਦੇਣ ਲਈ ਕਿਹਾ ਹੈ, ਜਿਸ ਵਿੱਚ ਦੋਸ਼ ਲਾਇਆ ਗਿਆ ਹੈ ਕਿ ਰਾਜ ਵਿੱਚ ਪਿਛਲੇ 15 ਸਾਲਾਂ ਤੋਂ ਬੱਚਿਆਂ ਦੇ ਮੁਫ਼ਤ ਅਤੇ ਲਾਜ਼ਮੀ ਸਿੱਖਿਆ ਦੇ ਅਧਿਕਾਰ (ਆਰ.ਟੀ.ਈ.) ਐਕਟ, 2009 ਨੂੰ ਲਾਗੂ ਨਹੀਂ ਕੀਤਾ ਗਿਆ ਹੈ।



ਪਟੀਸ਼ਨਰ ਕੇ.ਐੱਸ. ਰਾਜੂ ਲੀਗਲ ਟਰੱਸਟ ਨੇ ਦੋਸ਼ ਲਾਇਆ ਕਿ ਆਰ ਟੀ ਈ ਐਕਟ ਦੀ ਧਾਰਾ 12(1)(ਸੀ), ਜਿਸ ਵਿੱਚ ਪ੍ਰਾਈਵੇਟ ਗੈਰ-ਸਹਾਇਤਾ ਪ੍ਰਾਪਤ ਸਕੂਲਾਂ ਨੂੰ ਆਰਥਿਕ ਤੌਰ @ਤੇ ਕਮਜ਼ੋਰ ਵਰਗਾਂ (ਈ.ਡਬਲਯੂ.ਐੱਸ.) ਅਤੇ ਪਛੜੇ ਵਰਗਾਂ ਦੇ ਬੱਚਿਆਂ ਲਈ ਦਾਖਲੇ ਦੇ ਪੱਧਰ @ਤੇ 25 ਫੀਸਦੀ ਸੀਟਾਂ ਰਾਖਵੀਆਂ ਰੱਖਣ ਦੀ ਲੋੜ ਹੈ, ਨੂੰ ਰਾਜ ਵਿੱਚ ਲਾਗੂ ਨਹੀਂ ਕੀਤਾ ਗਿਆ ਹੈ।

ਭਾਰਤ ਦੇ ਚੀਫ਼ ਜਸਟਿਸ (ਸੀ.ਜੇ.ਆਈ.) ਨੇ ਪਟੀਸ਼ਨਰ ਨੂੰ ਸੁਝਾਅ ਦਿੱਤਾ ਕਿ ਉਹ ਆਰ ਟੀ ਆਈ ਰਾਹੀਂ ਫਾਜ਼ਿਲਕਾ ਵਰਗੇ ਜ਼ਿਲ੍ਹੇ ਵਿੱਚ ਮਾਨਤਾ ਪ੍ਰਾਪਤ ਪ੍ਰਾਈਵੇਟ ਸਕੂਲਾਂ ਦੀ ਗਿਣਤੀ ਬਾਰੇ ਡਾਟਾ ਪ੍ਰਾਪਤ ਕਰਨ ਅਤੇ ਇਹ ਜਾਣਨ ਕਿ ਕੀ ਉਹ ਸੀ ਬੀ ਐੱਸ ਈ ਜਾਂ ਸਟੇਟ ਬੋਰਡ ਨਾਲ ਮਾਨਤਾ ਪ੍ਰਾਪਤ ਹਨ, ਕੁੱਲ ਮਨਜ਼ੂਰਸ਼ੁਦਾ ਸੀਟਾਂ, ਦਾਖਲ ਵਿਦਿਆਰਥੀਆਂ ਦੀ ਗਿਣਤੀ ਅਤੇ ਈ.ਡਬਲਯੂ.ਐੱਸ. ਤੋਂ ਆਉਣ ਵਾਲੇ ਬੱਚਿਆਂ ਦੀ ਗਿਣਤੀ ਕਿੰਨੀ ਹੈ।

ਚੀਫ਼ ਜਸਟਿਸ ਸੂਰਿਆ ਕਾਂਤ ਅਤੇ ਜਸਟਿਸ ਵੀ ਮੋਹਨਾ ਦੇ ਬੈਂਚ ਨੇ ਪਟੀਸ਼ਨਰ ਨੂੰ ਕਿਹਾ, ÷ਅਸੀਂ ਨੋਟਿਸ ਜਾਰੀ ਕਰ ਰਹੇ ਹਾਂ... ਇਸ ਦੌਰਾਨ, ਬੱਸ ਇਹ ਕਰੋ। ਇਹ ਮੁੱਦੇ ਨੂੰ ਸਮਝਣ ਵਿੱਚ ਸਾਡੀ ਮਦਦ ਕਰੇਗਾ।÷

ਪੀ ਆਈ ਐੱਲ ਵਿੱਚ ਪੰਜਾਬ ਸਰਕਾਰ ਦੁਆਰਾ ਪ੍ਰਾਈਵੇਟ ਸਕੂਲਾਂ ਵਿੱਚ ਪਹਿਲੀ ਜਮਾਤ ਵਿੱਚ ਈ ਡਬਲਯੂ ਐੱਸ ਵਰਗ ਨਾਲ ਸਬੰਧਤ ਘੱਟੋ-ਘੱਟ 25 ਫੀਸਦੀ ਬੱਚਿਆਂ ਦੇ ਦਾਖਲੇ ਸਮੇਤ ਐਕਟ ਦੀਆਂ ਵਿਵਸਥਾਵਾਂ ਦੀ ਪ੍ਰਭਾਵਸ਼ਾਲੀ ਅਤੇ ਨਿਰੰਤਰ ਪਾਲਣਾ ਨੂੰ ਯਕੀਨੀ ਬਣਾਉਣ ਲਈ ਨਿਰਦੇਸ਼ ਮੰਗਿਆ ਗਿਆ ਹੈ।

ਇਸ ਵਿੱਚ ਕੇਂਦਰ ਸਰਕਾਰ ਨੂੰ ਪੰਜਾਬ ਵਿੱਚ ਐਕਟ ਦੀ ਧਾਰਾ 12 ਦੀ ਨਿਰੰਤਰ ਪਾਲਣਾ ਨੂੰ ਯਕੀਨੀ ਬਣਾਉਣ ਅਤੇ ਨਿਗਰਾਨੀ ਕਰਨ ਲਈ ਇੱਕ ਪਾਰਦਰਸ਼ੀ, ਸਮਾਂ-ਬੱਧ ਅਤੇ ਤਸਦੀਕਯੋਗ ਪ੍ਰਣਾਲੀ, ਜਿਸ ਵਿੱਚ ਜਨਤਕ ਤੌਰ @ਤੇ ਪਹੁੰਚਯੋਗ ਡੈਸ਼ਬੋਰਡ ਸ਼ਾਮਲ ਹੋਣ, ਸਥਾਪਤ ਕਰਨ ਲਈ ਨਿਰਦੇਸ਼ ਮੰਗਿਆ ਗਿਆ ਹੈ।

ਪਟੀਸ਼ਨ ਵਿੱਚ ਮੰਗ ਕੀਤੀ ਗਈ ਹੈ ਕਿ ਉਪਲਬਧ ਸੀਟਾਂ ਦਾ ਨਿਰਧਾਰਨ ਅਤੇ ਪ੍ਰਕਾਸ਼ਨ, ਦਾਖਲਾ ਸਮਾਂ-ਸਾਰਣੀ ਦਾ ਪ੍ਰਕਾਸ਼ਨ, ਪਹੁੰਚਯੋਗ ਅਰਜ਼ੀ ਪ੍ਰਕਿਰਿਆ, ਅਦਾਇਗੀ ਦਾ ਢਾਂਚਾ ਅਤੇ ਪਾਲਣਾ ਨਾ ਕਰਨ @ਤੇ ਕਾਨੂੰਨੀ ਨਤੀਜਿਆਂ ਨੂੰ ਲਾਗੂ ਕੀਤਾ ਜਾਣਾ ਚਾਹੀਦਾ ਹੈ।

ਪਟੀਸ਼ਨਰ ਨੇ ਸੁਪਰੀਮ ਕੋਰਟ ਦੇ 2012 ਦੇ ਫੈਸਲੇ ਦਾ ਹਵਾਲਾ ਦਿੱਤਾ ਜਿਸ ਨੇ ਆਰ.ਟੀ.ਈ. ਐਕਟ, 2009 ਦੀ ਵੈਧਤਾ ਨੂੰ ਬਰਕਰਾਰ ਰੱਖਿਆ ਸੀ।

ਜਦੋਂ ਬੈਂਚ ਨੇ ਪੰਜਾਬ ਸਰਕਾਰ ਦੁਆਰਾ ਪਹਿਲਾਂ ਦਾਖਲ ਕੀਤੇ ਗਏ ਇੱਕ ਹਲਫਨਾਮੇ ਦਾ ਹਵਾਲਾ ਦਿੱਤਾ, ਜਿਸ ਵਿੱਚ ਕਿਹਾ ਗਿਆ ਸੀ ਕਿ ਪ੍ਰਾਈਵੇਟ ਸਕੂਲਾਂ ਵਿੱਚ 476 ਈ ਡਬਲਯੂਐੱਸ ਵਿਦਿਆਰਥੀਆਂ ਨੂੰ ਦਾਖਲ ਕੀਤਾ ਗਿਆ ਹੈ, ਤਾਂ ਪਟੀਸ਼ਨਰ ਨੇ ਦੱਸਿਆ ਕਿ ਇਹ ਗਿਣਤੀ ਲਗਪਗ 50,000 ਹੋਣੀ ਚਾਹੀਦੀ ਸੀ ਕਿਉਂਕਿ ਰਾਜ ਦੇ ਪ੍ਰਾਈਵੇਟ ਸਕੂਲਾਂ ਵਿੱਚ ਹਰ ਸਾਲ ਦਾਖਲੇ ਦੇ ਪੱਧਰ @ਤੇ ਲਗਪਗ ਦੋ ਲੱਖ ਵਿਦਿਆਰਥੀ ਦਾਖਲ ਹੁੰਦੇ ਹਨ।

ਸੁਣਵਾਈ ਦੌਰਾਨ ਬੈਂਚ ਨੇ ਪਟੀਸ਼ਨਰ ਨੂੰ ਕਿਹਾ, ÷ਸਰਕਾਰ ਦੀ ਨੀਤੀ ਕੀ ਹੈ? ਕੀ ਉਹ ਸਕੂਲਾਂ ਨੂੰ ਮੁਆਵਜ਼ਾ ਦਿੰਦੇ ਹਨ?... ਅਸੀਂ ਉਮੀਦ ਕਰਦੇ ਹਾਂ ਕਿ ਤੁਸੀਂ ਇਨ੍ਹਾਂ ਪ੍ਰਾਈਵੇਟ ਸਕੂਲਾਂ ਲਈ ਨਹੀਂ ਲੜ ਰਹੇ ਹੋ ਕਿ ਉਹ ਸਰਕਾਰ ਤੋਂ ਭੁਗਤਾਨ ਕਰਵਾਉਣਾ ਚਾਹੁੰਦੇ ਹਨ।

ਪਟੀਸ਼ਨਰ ਨੇ ਕਿਹਾ ਕਿ ਐਕਟ ਵਿੱਚ ਹੀ ਇਹ ਵਿਵਸਥਾ ਹੈ ਕਿ ਸਰਕਾਰ ਦੁਆਰਾ ਨਿਰਧਾਰਤ ਫੀਸ ਦੀ ਰਕਮ ਸਕੂਲਾਂ ਨੂੰ ਦਿੱਤੀ ਜਾਣੀ ਚਾਹੀਦੀ ਹੈ।

ਉਨ੍ਹਾਂ ਕਿਹਾ ਕਿ ਉਹ ਭਾਰਤ ਸਰਕਾਰ ਵਿੱਚ ਸਾਬਕਾ ਸੰਯੁਕਤ ਸਕੱਤਰ ਹਨ, ਜੋ ਆਰ.ਟੀ.ਈ. ਐਕਟ, 2009 ਦਾ ਖਰੜਾ ਤਿਆਰ ਕਰਨ ਵਿੱਚ ਸ਼ਾਮਲ ਸਨ ਅਤੇ ਪ੍ਰਾਈਵੇਟ ਸਕੂਲ ਸੈਕਟਰ ਵਿੱਚ ਉਨ੍ਹਾਂ ਦੀ ਕੋਈ ਦਿਲਚਸਪੀ ਨਹੀਂ ਹੈ।

## ਹਰਿਆਣਾ ਸਰਕਾਰ ਰੋਹਤਕ ਅੱਗਜਨੀ ਦੇ ਪੀੜਤ ਪਰਿਵਾਰਾਂ ਅਤੇ ਵਪਾਰੀਆਂ ਨਾਲ ਮਜ਼ਬੂਤੀ ਨਾਲ ਖੜ੍ਹੀ : ਮੁੱਖ ਮੰਤਰੀ ਸ੍ਰੀ ਨਾਇਬ ਸਿੰਘ ਸੈਣੀ

**ਚੰਡੀਗੜ੍ਹ, 15 ਜੂਨ**
**-ਸੰਜੀਵ ਸ਼ਰਮਾ-**

ਹਰਿਆਣਾ ਦੇ ਮੁੱਖ ਮੰਤਰੀ ਸ੍ਰੀ ਨਾਇਬ ਸਿੰਘ ਸੈਣੀ ਨੇ ਰੋਹਤਕ ਦੇ ਡੀ-ਪਾਰਕ ਖੇਤਰ ਵਿੱਚ ਬੀਤੀ 9 ਜੂਨ ਨੂੰ ਹੋਈ ਭਿਆਨਕ ਅੱਗਜਨੀ ਦੀ ਘਟਨਾ ਨੂੰ ਮੰਦਭਾਗਾ ਦੱਸਦਿਆਂ ਇਸ ਘਟਨਾ @ਤੇ ਡੂੰਘੇ ਦੁੱਖ ਦਾ ਪ੍ਰਗਟਾਵਾ ਕੀਤਾ। ਉਨ੍ਹਾਂ ਨੇ ਪ੍ਰਭਾਵਿਤ ਬਾਜ਼ਾਰ ਦਾ ਦੌਰਾ ਕਰਕੇ ਦੁਕਾਨਦਾਰਾਂ ਨਾਲ ਗੱਲਬਾਤ ਕੀਤੀ ਅਤੇ ਦੁਕਾਨਾਂ ਦੇ ਹੋਏ ਨੁਕਸਾਨ ਦਾ ਜਾਇਜ਼ਾ ਲਿਆ। ਮੁੱਖ ਮੰਤਰੀ ਨੇ ਅੱਗਜਨੀ ਵਿੱਚ ਮ੍ਰਿਤਕ ਅਮਨ ਕੁਮਾਰ ਪੁੱਤਰ ਜਗਦੀਸ਼, ਰੋਹਿਤ ਖੁਰਾਣਾ ਅਤੇ ਕਪਿਲ ਕੁਮਾਰ ਦੇ ਪਰਿਵਾਰਾਂ ਨੂੰ ਮੁੱਖ ਮੰਤਰੀ ਰਾਹਤ ਫੰਡ ਵਿੱਚੋਂ 10-10 ਲੱਖ ਰੁਪਏ ਦੀ ਵਿੱਤੀ ਸਹਾਇਤਾ ਦੇਣ ਦਾ ਐਲਾਨ ਕੀਤਾ। ਉਨ੍ਹਾਂ ਨੇ ਕਿਹਾ ਕਿ ਅੱਗ ਕਾਰਨ ਭਾਰੀ ਨੁਕਸਾਨ ਝੱਲਣ ਵਾਲੇ ਅਦਾਰਿਆਂ ਨੂੰ ਵੀ ਮੁੱਖ ਮੰਤਰੀ ਰਾਹਤ ਫੰਡ ਵਿੱਚੋਂ ਤੁਰੰਤ ਸਹਾਇਤਾ ਦਿੱਤੀ ਜਾਵੇਗੀ।

ਦੌਰੇ ਤੋਂ ਬਾਅਦ ਮੁੱਖ ਮੰਤਰੀ ਸ੍ਰੀ ਨਾਇਬ ਸਿੰਘ ਸੈਣੀ ਨੇ ਪ੍ਰੈਸ ਪ੍ਰਤੀਨਿਧਾਂ ਨਾਲ ਗੱਲਬਾਤ ਕਰਦਿਆਂ ਕਿਹਾ ਕਿ ਸ਼ੁਰੂਆਤੀ ਜਾਣਕਾਰੀ ਅਨੁਸਾਰ ਏ.ਸੀ. ਵਿੱਚ ਸ਼ਾਰਟ ਸਰਕਟ ਹੋਣ ਕਾਰਨ ਅੱਗ ਲੱਗੀ, ਜਿਸ ਨੇ ਦੇਖਦੇ ਹੀ ਦੇਖਦੇ ਭਿਆਨਕ ਰੂਪ ਧਾਰਨ ਕਰ ਲਿਆ ਅਤੇ ਕਈ ਅਦਾਰਿਆਂ ਨੂੰ ਆਪਣੀ ਲਪੇਟ ਵਿੱਚ ਲੈ ਲਿਆ। ਸ੍ਰੀ ਨਾਇਬ ਸਿੰਘ ਸੈਣੀ ਨੇ ਕਿਹਾ ਕਿ ਇਸ ਦੁਖਦਾਈ ਘਟਨਾ ਵਿੱਚ ਅਮਨ ਕੁਮਾਰ, ਰੋਹਿਤ ਖੁਰਾਣਾ ਅਤੇ ਕਪਿਲ ਕੁਮਾਰ ਦੀ ਮੌਤ ਹੋਈ ਹੈ। ਉਨ੍ਹਾਂ ਨੇ ਵਿਛੜੀਆਂ ਰੂਹਾਂ ਦੀ ਆਤਮਿਕ ਸ਼ਾਂਤੀ ਲਈ ਪਰਮਪਿਤਾ ਪ੍ਰਮਾਤਮਾ ਅੱਗੇ ਆਪਣੇ ਚਰਨਾਂ ਵਿੱਚ ਨਿਵਾਸ ਦੇਣ ਦੀ ਅਰਦਾਸ ਕੀਤੀ ਅਤੇ ਦੁਖੀ ਪਰਿਵਾਰਾਂ ਨਾਲ ਡੂੰਘੀ ਹਮਦਰਦੀ ਪ੍ਰਗਟ ਕੀਤੀ।

ਸਰਕਾਰ ਪੀੜਤ ਪਰਿਵਾਰਾਂ ਅਤੇ ਵਪਾਰੀਆਂ ਨਾਲ ਮਜ਼ਬੂਤੀ ਨਾਲ ਖੜ੍ਹੀ ਹੈ ਸ੍ਰੀ ਨਾਇਬ ਸਿੰਘ ਸੈਣੀ ਨੇ ਕਿਹਾ ਕਿ ਸਰਕਾਰ ਭਿਆਨਕ ਅੱਗਜਨੀ ਦੇ ਪੀੜਤ ਪਰਿਵਾਰਾਂ ਅਤੇ ਵਪਾਰੀਆਂ ਨਾਲ ਮਜ਼ਬੂਤੀ ਨਾਲ ਖੜ੍ਹੀ ਹੈ। ਉਨ੍ਹਾਂ ਨੇ ਕਿਹਾ ਕਿ ਮਨੁੱਖੀ ਜਾਨ ਦੇ ਨੁਕਸਾਨ ਦੀ ਭਰਪਾਈ ਸੰਭਵ ਨਹੀਂ ਹੈ, ਫਿਰ ਵੀ ਰਾਜ ਸਰਕਾਰ ਪੀੜਤ ਪਰਿਵਾਰਾਂ ਅਤੇ ਪ੍ਰਭਾਵਿਤ ਵਪਾਰੀਆਂ ਦੀ ਹਰ ਸੰਭਵ ਸਹਾਇਤਾ ਕਰੇਗੀ। ਸ੍ਰੀ ਸੈਣੀ ਨੇ ਐਲਾਨ ਕੀਤਾ ਕਿ ਅਗਨਕਾਂਡ ਵਿੱਚ ਮ੍ਰਿਤਕ ਅਮਨ ਕੁਮਾਰ ਪੁੱਤਰ ਜਗਦੀਸ਼, ਰੋਹਿਤ ਖੁਰਾਣਾ ਅਤੇ ਕਪਿਲ ਕੁਮਾਰ ਦੇ ਪਰਿਵਾਰਾਂ ਨੂੰ ਮੁੱਖ ਮੰਤਰੀ ਰਾਹਤ ਫੰਡ ਵਿੱਚੋਂ 10-10 ਲੱਖ ਰੁਪਏ ਦੀ ਵਿੱਤੀ ਸਹਾਇਤਾ ਪ੍ਰਦਾਨ ਕੀਤੀ ਜਾਵੇਗੀ। ਅੱਗ ਕਾਰਨ ਭਾਰੀ ਨੁਕਸਾਨ ਝੱਲਣ ਵਾਲੇ ਅਦਾਰਿਆਂ ਨੂੰ ਵੀ ਮੁੱਖ ਮੰਤਰੀ ਰਾਹਤ ਫੰਡ ਵਿੱਚੋਂ ਤੁਰੰਤ ਸਹਾਇਤਾ ਦਿੱਤੀ ਜਾਵੇਗੀ। ਸਰਕਾਰ ਵੱਲੋਂ ਇਸ ਘਟਨਾ ਵਿੱਚ ਹੋਏ ਨੁਕਸਾਨ ਦੀ ਪੂਰੀ ਭਰਪਾਈ ਕਰਨ ਦੀ ਕੋਸ਼ਿਸ਼ ਕੀਤੀ ਜਾਵੇਗੀ।

ਦੁਕਾਨਾਂ ਦੇ ਹੋਏ ਨੁਕਸਾਨ ਦੀ ਭਰਪਾਈ ਲਈ ਵੀ ਮੁੱਖ ਮੰਤਰੀ ਰਾਹਤ ਫੰਡ ਵਿੱਚੋਂ ਤੁਰੰਤ ਦਿੱਤੀ ਜਾਵੇਗੀ ਵਿੱਤੀ ਸਹਾਇਤਾ

ਮੁੱਖ ਮੰਤਰੀ ਸ੍ਰੀ ਨਾਇਬ ਸਿੰਘ ਸੈਣੀ ਨੇ ਕਿਹਾ ਕਿ ਇਸ ਘਟਨਾ ਵਿੱਚ ਪ੍ਰਭਾਵਿਤ @ਦਿੱਲੀ ਸ਼ੂਜ਼@ ਦੇ ਸੰਚਾਲਕ ਅਮਰਜੀਤ ਸਿੰਘ ਪੁੱਤਰ ਰਾਮਪ੍ਰਕਾਸ਼ ਨੂੰ 5 ਲੱਖ



ਰੁਪਏ, @ਰੋਹਤਕ ਸ਼ੂਜ਼ ਕੰਪਨੀ@ ਦੇ ਸੰਚਾਲਕ ਸਤੀਸ਼ ਕੁਮਾਰ ਪੁੱਤਰ ਭੂਪ ਸਿੰਘ ਨੂੰ 5 ਲੱਖ ਰੁਪਏ, @ਸ਼ੂਜ਼ ਪਲਾਜ਼ਾ@ ਤੋਂ ਗੀਤਾ ਰਾਣੀ ਪਤਨੀ ਜੈ ਕਿਸ਼ਨ ਨੂੰ 5 ਲੱਖ ਰੁਪਏ, @ਰੀਗਲ ਸ਼ੂਜ਼@ ਤੋਂ ਇੰਦੂ ਜੁਨੇਜਾ ਪਤਨੀ ਰਾਜੇਸ਼ ਜੁਨੇਜਾ ਨੂੰ 5 ਲੱਖ ਰੁਪਏ, @ਸ਼ਿਵ ਜਨਰਲ ਸਟੋਰ@ ਦੇ ਨਵਨੀਤ ਜੁਨੇਜਾ ਪੁੱਤਰ ਹਰੀਸ਼ ਕੁਮਾਰ ਨੂੰ 5 ਲੱਖ ਰੁਪਏ, @ਬਿੰਦੂ ਜਨਰਲ ਸਟੋਰ@ ਦੇ ਸੰਚਾਲਕ ਦੇਸ਼ਬੰਧੂ ਜੈਨ ਪੁੱਤਰ ਪ੍ਰਕਾਸ਼ਚੰਦ ਜੈਨ ਨੂੰ 5 ਲੱਖ ਰੁਪਏ, @ਫੁੱਟਲੁੱਕ ਫੁੱਟਵੀਅਰ@ ਦੇ ਸੰਚਾਲਕ ਅਸ਼ੋਕ ਕੁਮਾਰ ਜੈਨ ਨੂੰ 5 ਲੱਖ ਰੁਪਏ ਅਤੇ @ਕੈਲਾਸ਼ ਬੂਟ ਹਾਊਸ@ ਦੇ ਸੰਚਾਲਕ ਪ੍ਰਿਆਂਸ਼ੂ ਕਾਲੜਾ ਪੁੱਤਰ ਕੈਲਾਸ਼ਚੰਦ ਨੂੰ 5 ਲੱਖ ਰੁਪਏ ਦੀ ਸਹਾਇਤਾ ਪ੍ਰਦਾਨ ਕੀਤੀ ਜਾਵੇਗੀ।

ਘਟਨਾ ਵਿੱਚ ਪ੍ਰਭਾਵਿਤ ਰੇਹੜੀ-ਫੜੀ ਵਾਲਿਆਂ ਦੀ ਵੀ ਕੀਤੀ ਜਾਵੇਗੀ ਪੂਰੀ ਮਦਦ

ਸ੍ਰੀ ਨਾਇਬ ਸਿੰਘ ਸੈਣੀ ਨੇ ਕਿਹਾ ਕਿ @ਆਨੰਦ ਫਰੂਟ ਜੂਸ@ ਦੀ ਸੰਚਾਲਿਕਾ ਮੀਨਾ ਕੁਮਾਰੀ ਪਤਨੀ ਟੇਕਚੰਦ ਅਤੇ @ਸਹਿਗਲ ਫਰੂਟ ਜੂਸ@ ਦੇ ਸੰਚਾਲਕ ਮੁਕੇਸ਼ ਪੁੱਤਰ ਅਸ਼ੋਕ ਕੁਮਾਰ ਨੂੰ 2-2 ਲੱਖ ਰੁਪਏ ਦੀ ਵਿੱਤੀ ਸਹਾਇਤਾ ਦਿੱਤੀ ਜਾਵੇਗੀ। ਮੁੱਖ ਮੰਤਰੀ ਨੇ ਕਿਹਾ ਕਿ ਰੇਹੜੀ ਅਤੇ ਛੋਟੇ ਕਾਰੋਬਾਰੀਆਂ ਨੂੰ ਵੀ ਰਾਹਤ ਪ੍ਰਦਾਨ ਕੀਤੀ ਜਾਵੇਗੀ। @ਅੰਨਪੂਰਨਾ ਭੋਜਨਾਲਿਆ@ (ਰੇਹੜੀ ਰੋਟੀ ਪਰਾਂਠਾ) ਨੂੰ 50 ਹਜ਼ਾਰ ਰੁਪਏ, @ਕਿਚਨ ਆਨ ਵ੍ਹੀਲਜ਼@ ਦੇ ਸੰਚਾਲਕ ਗੌਰਵ ਪੁੱਤਰ ਸਤੀਸ਼ ਕੁਮਾਰ ਨੂੰ 50 ਹਜ਼ਾਰ ਰੁਪਏ ਅਤੇ ਕਲੌਥ ਖੋਖਾ ਤੇ ਨਾਰੀਅਲ ਪਾਣੀ ਦੇ ਸੰਚਾਲਕ ਨੀਰਜ ਪੁੱਤਰ ਦਰਸ਼ਨ ਸਿੰਘ ਨੂੰ 50 ਹਜ਼ਾਰ ਰੁਪਏ ਦੀ ਸਹਾਇਤਾ ਮੁੱਖ ਮੰਤਰੀ ਰਾਹਤ ਫੰਡ ਵਿੱਚੋਂ ਪ੍ਰਦਾਨ ਕੀਤੀ ਜਾਵੇਗੀ।

ਮੁੱਖ ਮੰਤਰੀ ਸ੍ਰੀ ਨਾਇਬ ਸਿੰਘ ਸੈਣੀ ਨੇ ਕਿਹਾ ਕਿ ਸ਼ਹਿਰੀ ਸਥਾਨਕ ਨਿਕਾਏ ਵਿਭਾਗ ਵੱਲੋਂ ਅੱਗਜਨੀ ਨਾਲ ਹੋਏ ਨੁਕਸਾਨ ਦਾ ਵਿਸਥਾਰ ਮੁਲਾਂਕਣ ਕੀਤਾ ਜਾ ਰਿਹਾ ਹੈ। ਰਿਪੋਰਟ ਪ੍ਰਾਪਤ ਹੋਣ ਤੋਂ ਬਾਅਦ ਰਾਜ ਸਰਕਾਰ ਵਾਧੂ ਸਹਾਇਤਾ ਅਤੇ ਮੁਆਵਜ਼ੇ ਦੇ ਸਬੰਧ ਵਿੱਚ ਵੀ ਲੋੜੀਂਦੇ ਫੈਸਲੇ ਲਵੇਗੀ, ਤਾਂ ਜੋ ਪ੍ਰਭਾਵਿਤ ਵਪਾਰੀਆਂ ਨੂੰ ਵੱਧ ਤੋਂ ਵੱਧ ਰਾਹਤ ਮਿਲ ਸਕੇ। ਉਨ੍ਹਾਂ ਕਿਹਾ ਕਿ ਇਹ ਇੱਕ ਪੁਰਾਣਾ ਬਾਜ਼ਾਰ ਹੈ ਅਤੇ ਅਜਿਹੀਆਂ ਘਟਨਾਵਾਂ ਤੋਂ ਬਚਾਅ ਲਈ ਚੌਕਸੀ ਜ਼ਰੂਰੀ ਹੈ। ਮੁੱਖ ਮੰਤਰੀ ਨੇ ਕਿਹਾ ਕਿ ਭਵਿੱਖ ਵਿੱਚ ਅਜਿਹੀਆਂ ਘਟਨਾਵਾਂ ਦੇ ਦੁਹਰਾਅ ਨੂੰ ਰੋਕਣ ਲਈ ਵੀ ਲੋੜੀਂਦੇ ਕਦਮ ਚੁੱਕੇ ਜਾਣਗੇ।

ਜ਼ਿਲ੍ਹੇ ਦੇ ਪ੍ਰਸ਼ਾਸਨਿਕ ਅਧਿਕਾਰੀਆਂ ਅਤੇ ਫਾਇਰ ਬ੍ਰਿਗੇਡ ਕਰਮਚਾਰੀਆਂ ਨੇ ਅੱਗ @ਤੇ ਕਾਬੂ ਪਾਉਣ ਲਈ ਕੀਤਾ ਸ਼ਲਾਘਾਯੋਗ ਕੰਮ

ਮੁੱਖ ਮੰਤਰੀ ਨੇ ਫਾਇਰ ਬ੍ਰਿਗੇਡ ਵਿਭਾਗ, ਪ੍ਰਸ਼ਾਸਨਿਕ ਅਧਿਕਾਰੀਆਂ ਅਤੇ ਕਰਮਚਾਰੀਆਂ ਦੀ ਸ਼ਲਾਘਾ ਕਰਦਿਆਂ ਕਿਹਾ ਕਿ ਅੱਗ ਲੱਗਣ ਦੇ ਤੁਰੰਤ ਬਾਅਦ ਰਾਹਤ ਅਤੇ ਬਚਾਅ ਕਾਰਜ ਸ਼ੁਰੂ ਕਰ ਦਿੱਤਾ ਗਿਆ ਸੀ। ਫਾਇਰ ਬ੍ਰਿਗੇਡ ਦੇ ਕਰਮਚਾਰੀਆਂ ਨੇ ਲਗਭਗ ਛੇ ਤੋਂ ਸੱਤ ਘੰਟਿਆਂ ਤੱਕ ਲਗਾਤਾਰ ਕੋਸ਼ਿਸ਼ ਕਰਕੇ ਅੱਗ @ਤੇ ਕਾਬੂ ਪਾਇਆ। ਜਦੋਂ ਤੱਕ ਅੱਗ ਪੂਰੀ ਤਰ੍ਹਾਂ ਕਾਬੂ ਹੇਠ ਨਹੀਂ ਆਈ, ਉਦੋਂ ਤੱਕ ਪ੍ਰਸ਼ਾਸਨ ਅਤੇ ਫਾਇਰ ਬ੍ਰਿਗੇਡ ਦੀਆਂ ਟੀਮਾਂ ਮੌਕੇ @ਤੇ ਡਟੀਆਂ ਰਹੀਆਂ।

ਮੁੱਖ ਮੰਤਰੀ ਨੇ ਅੱਗਜਨੀ ਦੀ ਘਟਨਾ ਵਿੱਚ ਜਾਨ ਗੁਆਉਣ ਵਾਲਿਆਂ ਦੇ ਘਰ ਜਾ ਕੇ ਪ੍ਰਗਟਾਇਆ ਸ਼ੋਕ ਅਤੇ ਦੁਖੀ ਪਰਿਵਾਰਾਂ ਨੂੰ ਬੰਨ੍ਹਾਇਆ ਧੀਰਜ

ਮੁੱਖ ਮੰਤਰੀ ਸ੍ਰੀ ਨਾਇਬ ਸਿੰਘ ਸੈਣੀ ਨੇ ਸਥਾਨਕ ਡੀ ਪਾਰਕ ਵਿਖੇ ਬੀਤੀ 9 ਜੂਨ ਨੂੰ ਹੋਈ ਮੰਦਭਾਗੀ ਘਟਨਾ ਵਿੱਚ ਜਾਨ ਗੁਆਉਣ ਵਾਲੇ ਤਿੰਨੋਂ ਵਿਅਕਤੀਆਂ ਅਮਨ, ਰੋਹਿਤ ਖੁਰਾਣਾ ਅਤੇ ਕਪਿਲ ਕੁਮਾਰ ਦੇ ਨਿਵਾਸ ਸਥਾਨ @ਤੇ ਪਹੁੰਚ ਕੇ ਡੂੰਘੇ ਦੁੱਖ ਦਾ ਪ੍ਰਗਟਾਵਾ ਕੀਤਾ ਅਤੇ ਪੀੜਤ ਪਰਿਵਾਰਾਂ ਨੂੰ ਧੀਰਜ ਬੰਨ੍ਹਾਈਆਂ।

ਇਸ ਮੌਕੇ @ਤੇ ਸਾਬਕਾ ਮੰਤਰੀ ਮਨੀਸ਼ ਕੁਮਾਰ ਗਰੋਵਰ, ਵਿਧਾਇਕ ਮਹੰਤ ਬਾਲਕ ਨਾਥ, ਡਿਪਟੀ ਕਮਿਸ਼ਨਰ ਸਚਿਨ ਗੁਪਤਾ, ਪੁਲਿਸ ਸੁਪਰਡੈਂਟ ਗੌਰਵ ਰਾਜਪੁਰੋਹਿਤ ਸਮੇਤ ਹੋਰ ਅਧਿਕਾਰੀ ਵੀ ਮੌਜੂਦ ਸਨ।

## ਬਠਿੰਡਾ ਮੀਲਟਰੀ ਸਟੇਸ਼ਨ ਨੇੜੇ ਸੁਰੱਖਿਆ ’ਚ ਵੱਡੀ ਸੰਨ੍ਹ; ਪਾਕਿਸਤਾਨ ਤੇ ਕੈਨੇਡਾ ਫੁਟੇਜ ਭੇਜਣ ਵਾਲਾ ਜਾਸੂਸੀ ਕੈਮਰਾ ਫੜਿਆ

**ਬਠਿੰਡਾ, 15 ਜੂਨ**
**ਗੁਰਤੇਜ ਅਤਲਾ**

ਬਠਿੰਡਾ ਦੇ ਸਖ਼ਤ ਸੁਰੱਖਿਆ ਵਾਲੇ ਮਿਲਟਰੀ ਜ਼ੋਨ ਦੇ ਨੇੜੇ ਇੱਕ ਲੁਕਵੇਂ ਨਿਗਰਾਨੀ ਅਪਰੇਸ਼ਨ ਦਾ ਪਰਦਾਫਾਸ਼ ਹੋਇਆ ਹੈ। ਇਹ ਅਪਰੇਸ਼ਨ ਕਥਿਤ ਤੌਰ @ਤੇ ਪਾਕਿਸਤਾਨ ਅਤੇ ਕੈਨੇਡਾ ਵਿੱਚ ਬੈਠੇ ਦੇਸ਼ ਵਿਰੋਧੀ ਅਨਸਰਾਂ ਵੱਲੋਂ ਚਲਾਇਆ ਜਾ ਰਿਹਾ ਸੀ, ਜਿਸਦਾ ਮਕਸਦ ਸੁਰੱਖਿਆ ਬਲਾਂ ਦੀ ਆਵਾਜਾਈ @ਤੇ ਨਜ਼ਰ ਰੱਖਣਾ ਸੀ। ਇਸ ਮਾਮਲੇ ਵਿੱਚ ਅੰਮ੍ਰਿਤਸਰ ਜ਼ਿਲ੍ਹੇ ਦੇ ਰਹਿਣ ਵਾਲੇ ਦੋ ਵਿਅਕਤੀਆਂ ਨੂੰ ਗ੍ਰਿਫ਼ਤਾਰ ਕੀਤਾ ਗਿਆ ਹੈ ਅਤੇ ਕਾਊਂਟਰ-ਇੰਟੈਲੀਜੈਂਸ (ਖੁਫ਼ੀਆ ਵਿਭਾਗ) ਵੱਲੋਂ ਇਸਦੀ ਬਾਰੀਕੀ ਨਾਲ ਜਾਂਚ ਸ਼ੁਰੂ ਕਰ ਦਿੱਤੀ ਗਈ ਹੈ।



ਦਰਅਸਲ ਬਠਿੰਡਾ ਫ਼ੌਜੀ ਛਾਉਣੀ (ਮਿਲਟਰੀ ਸਟੇਸ਼ਨ) ਅਤੇ ਭਾਰਤੀ ਫ਼ੌਜ ਦੀ @ਐਕਸ ਕੋਰ@ ਦੇ ਹੈੱਡਕੁਆਰਟਰ ਤੋਂ ਸਿਰਫ਼ ਕੁਝ ਕਿਲੋਮੀਟਰ ਦੀ ਦੂਰੀ @ਤੇ ਇੱਕ ਜਾਸੂਸੀ ਕੈਮਰਾ ਲੱਗਿਆ ਮਿਲਿਆ ਹੈ। ਇਸ ਤੋਂ ਇਲਾਵਾ, ਏਅਰ ਫੋਰਸ ਸਟੇਸ਼ਨ ਅਤੇ ਬਠਿੰਡਾ ਹਵਾਈ ਅੱਡਾ ਵੀ ਉਸ ਥਾਂ ਤੋਂ ਕੁਝ ਕਿਲੋਮੀਟਰ ਦੂਰ ਸਥਿਤ ਹਨ, ਜਿੱਥੇ ਇਹ ਕੈਮਰਾ ਲੱਗਿਆ ਹੋਇਆ ਸੀ।

ਬਠਿੰਡਾ-ਸ੍ਰੀਗੰਗਾਨਗਰ ਰੋਡ @ਤੇ ਇੱਕ ਸੀਮਿੰਟ ਫੈਕਟਰੀ ਦੇ ਕੋਲ ਬਿਜਲੀ ਦੇ ਖੰਭੇ @ਤੇ ਇਹ ਅਣਅਧਿਕਾਰਤ ਕੈਮਰਾ ਲਗਾਇਆ ਗਿਆ ਸੀ। ਸੂਰਜੀ ਊਰਜਾ (ਸੋਲਰ ਪਾਵਰ) ਨਾਲ ਚੱਲਣ ਵਾਲੇ ਇਸ ਸੀ ਸੀ ਟੀ ਵੀ ਕੈਮਰੇ ਵਿੱਚ ਇੱਕ ਸਿਮ ਕਾਰਡ ਪਾਇਆ ਹੋਇਆ ਸੀ।

ਕਥਿਤ ਤੌਰ @ਤੇ ਇਹ ਕੈਮਰਾ ਪਿਛਲੇ ਕਰੀਬ ਤਿੰਨ ਮਹੀਨਿਆਂ ਤੋਂ ਚੱਲ ਰਿਹਾ ਸੀ ਅਤੇ ਉੱਥੋਂ ਦੀ ਜਾਣਕਾਰੀ ਅੱਗੇ ਭੇਜ ਰਿਹਾ ਸੀ।

ਬਠਿੰਡਾ ਦੇ ਐੱਸ ਪੀ (ਸਿਟੀ) ਨਰਿੰਦਰ ਸਿੰਘ ਨੇ ਦੱਸਿਆ ਕਿ ਜਾਂਚ ਦੌਰਾਨ ਪੁਲੀਸ ਨੂੰ ਪਤਾ ਲੱਗਾ ਹੈ ਕਿ ਪੁਲੀਸ ਅਤੇ ਸੁਰੱਖਿਆ ਬਲਾਂ ਦੀ ਹਰਕਤ ਦੀ ਕੈਮਰਾ ਫੀਡ ਪਾਕਿਸਤਾਨ ਅਤੇ ਕੈਨੇਡਾ ਵਿੱਚ ਬੈਠੇ ਦੇਸ਼ ਵਿਰੋਧੀ ਅਨਸਰਾਂ ਨੂੰ ਭੇਜੀ ਜਾ ਰਹੀ ਸੀ। ਉਨ੍ਹਾਂ ਕਿਹਾ, ÷ਸਾਡੀਆਂ ਟੀਮਾਂ ਨੇ ਸ਼ੱਕੀਆਂ ਦੀ ਪਛਾਣ ਕਰਨ ਲਈ ਸੀ ਸੀ ਟੀ ਵੀ ਫੁਟੇਜ, ਤਕਨੀਕੀ ਸਬੂਤਾਂ ਤੇ ਮਨੁੱਖੀ ਖੁਫ਼ੀਆ ਜਾਣਕਾਰੀ ਦਾ ਵਿਸ਼ਲੇਸ਼ਣ ਕੀਤਾ ਅਤੇ ਦੋ ਵਿਅਕਤੀਆਂ ਨੂੰ ਗ੍ਰਿਫ਼ਤਾਰ ਕੀਤਾ, ਜਿਨ੍ਹਾਂ ਦੀ ਪਛਾਣ ਅਸ਼ੋਕ ਸਿੰਘ (40), ਅਤੇ ਅਕਾਸ਼ਦੀਪ ਸਿੰਘ (22) ਵਜੋਂ ਹੋਈ ਹੈ। ਦੋਵੇਂ ਅੰਮ੍ਰਿਤਸਰ ਜ਼ਿਲ੍ਹੇ ਦੇ ਪਿੰਡ ਸਰਾਏ ਦੇ ਰਹਿਣ ਵਾਲੇ ਹਨ।

ਸੂਤਰਾਂ ਨੇ ਦੱਸਿਆ ਕਿ ਇਸ ਕੈਮਰੇ ਦਾ ਪਤਾ ਹਾਲ ਹੀ ਵਿੱਚ ਥਰਮਲ ਪੁਲੀਸ ਨੇ ਉਦੋਂ ਲਗਾਇਆ ਜਦੋਂ ਇੱਕ ਟੀਮ ਇੱਕ ਸੜਕ ਹਾਦਸੇ ਦੀ ਜਾਂਚ ਕਰ ਰਹੀ ਸੀ।

ਥਰਮਲ ਪੁਲੀਸ ਸਟੇਸ਼ਨ ਵਿਖੇ ਸਰਕਾਰੀ ਗੁਪਤ ਐਕਟ ਅਤੇ ਜਨਤਕ ਸੰਪਤੀ ਨੂੰ ਨੁਕਸਾਨ ਪਹੁੰਚਾਉਣ ਦੀ ਰੋਕਥਾਮ ਐਕਟ ਤਹਿਤ ਮਾਮਲਾ ਦਰਜ ਕੀਤਾ ਗਿਆ ਹੈ।ਬਠਿੰਡਾ ਪੁਲੀਸ, ਸੀ ਆਈ ਏ (391) ਸਟਾਫ਼ ਅਤੇ ਕਾਊਂਟਰ ਇੰਟੈਲੀਜੈਂਸ ਯੂਨਿਟਾਂ ਦੀਆਂ ਸਾਂਝੀਆਂ ਟੀਮਾਂ ਨੇ ਜਾਂਚ ਸ਼ੁਰੂ ਕਰ ਦਿੱਤੀ ਹੈ

## ਆਰ ਟੀ ਏ ਸਕੱਤਰ ਨੇ ਸਮੱਸਿਆਵਾਂ ਸੁਣੀਆਂ

**ਰਤੀਆ, 15 ਜੂਨ**
**-ਸ਼.ਅ.ਬਿਓਰੋ-**

ਲਘੂ ਸਕੱਤਰੇਤ ਦੇ ਸਭਾ ਹਾਲ ਵਿੱਚ ਲਾਏ ਗਏ ਕੈਂਪ ਦੌਰਾਨ ਲੋਕਾਂ ਦੀਆਂ ਸਮੱਸਿਆਵਾਂ ਸੁਣਦਿਆਂ ਆਰ ਟੀ ਏ ਸਕੱਤਰ ਸੰਜੈ ਬਿਸ਼ਨੋਈ ਨੇ ਅਧਿਕਾਰੀਆਂ ਨੂੰ ਹਰ ਸ਼ਿਕਾਇਤ ਦਾ ਨਿਰਧਾਰਤ ਸਮੇਂ ਅੰਦਰ ਪ੍ਰਭਾਵਸ਼ਾਲੀ ਅਤੇ ਤਸੱਲੀਬਖ਼ਸ਼ ਨਿਬੇੜਾ ਯਕੀਨੀ ਬਣਾਉਣ ਦੇ ਨਿਰਦੇਸ਼ ਦਿੱਤੇ ਹਨ।

ਉਨ੍ਹਾਂ ਕਿਹਾ ਕਿ ਸ਼ਿਕਾਇਤਾਂ ਦੇ ਹੱਲ ਵਿੱਚ ਕਿਸੇ ਵੀ ਕਿਸਮ ਦੀ ਬੇਲੋੜੀ ਦੇਰੀ ਬਰਦਾਸ਼ਤ ਨਹੀਂ ਕੀਤੀ ਜਾਵੇਗੀ ਅਤੇ ਕੀਤੀ ਗਈ ਕਾਰਵਾਈ ਨੂੰ ਸਬੰਧਤ ਪੋਰਟਲ ’ਤੇ ਸਮੇਂ ਸਿਰ ਅਪਡੇਟ ਕੀਤਾ ਜਾਵੇ ਤਾਂ ਜੋ ਸ਼ਿਕਾਇਤਕਰਤਾਵਾਂ ਨੂੰ ਸਹੀ ਸਥਿਤੀ ਦੀ ਜਾਣਕਾਰੀ ਮਿਲਦੀ ਰਹੇ।ਉਨ੍ਹਾਂ ਕਿਹਾ ਕਿ ਕੈਂਪ ਆਮ ਲੋਕਾਂ ਅਤੇ ਪ੍ਰਸ਼ਾਸਨ ਦਰਮਿਆਨ ਸੰਵਾਦ ਤੇ ਭਰੋਸੇ ਨੂੰ ਮਜ਼ਬੂਤ ਕਰਨ ਦਾ ਅਹਿਮ ਸਾਧਨ ਬਣ ਚੁੱਕੇ ਹਨ।

## ਬੇਅਦਬੀ ਐਕਟ ਮਾਮਲੇ ’ਚ ਸਿੱਖ ਵਿਧਾਇਕ ਤੇ ਪੰਜਾਬ ਕੈਬਨਿਟ 29 ਜੂਨ ਨੂੰ ਅਕਾਲ ਤਖਤ ’ਤੇ ਤਲਬ

**ਅੰਮ੍ਰਿਤਸਰ, 15 ਜੂਨ**
**-ਸ਼.ਅ.ਬਿਓਰੋ-**

ਬੇਅਦਬੀ ਐਕਟ ਮਾਮਲੇ ਵਿੱਚ ਪੰਜ ਸਿੰਘ ਸਾਹਿਬਾਨ ਦੀ ਇਕੱਤਰਤਾ ਦੌਰਾਨ ਮਾਮਲੇ ਨੂੰ ਵਿਚਾਰਨ ਮਗਰੋਂ ਸ੍ਰੀ ਅਕਾਲ ਤਖਤ ਦੀ ਫਸੀਲ ਤੋਂ ਇਸ ਸਬੰਧੀ ਫੈਸਲੇ ਨੂੰ ਸੁਣਾਉਂਦਿਆਂ ਜਥੇਦਾਰ ਗਿਆਨੀ ਕੁਲਦੀਪ ਸਿੰਘ ਗੜਗੱਜ ਨੇ 29 ਜੂਨ ਨੂੰ ਸਾਰੇ ਸਿੱਖ ਐਮਐਲਏ, ਉਹ ਭਾਵੇਂ ਕਿਸੇ ਵੀ ਪਾਰਟੀ ਦੇ ਹੋਣ ਅਤੇ ਸਮੁੱਚੀ ਕੈਬਨਿਟ ਪੰਜਾਬ ਸਰਕਾਰ ਨੂੰ ਅਕਾਲ ਤਖਤ ਸਾਹਿਬ ’ਤੇ ਤਲਬ ਕੀਤਾ ਹੈ।

ਮੁੱਖ ਮੰਤਰੀ ਦੀ ਇਤਰਾਜ਼ਯੋਗ ਵੀਡੀਓ ਮਾਮਲੇ ਵਿੱਚ ਮੁੱਖ ਮੰਤਰੀ ਭਗਵੰਤ ਸਿੰਘ ਮਾਨ ਨੂੰ ਗੁਰੂ ਦੋਖੀ ਅਤੇ ਖਾਲਸਾ ਪੰਥ ਵਿਰੋਧੀ ਕਰਾਰ ਦਿੱਤਾ ਗਿਆ ਹੈ। ਜਥੇਦਾਰ ਗੜਗੱਜ ਨੇ ਆਖਿਆ ਕਿ ਇਸ ਮਾਮਲੇ ਵਿੱਚ ਭਾਰਤ ਦੀਆਂ ਦੋ ਮਾਨਤਾ ਪ੍ਰਾਪਤ



ਵੱਡੀਆਂ ਲੈਬਜ਼ ਤੋਂ ਇਸ ਦੀ ਜਾਂਚ ਕਰਾਈ ਗਈ ਹੈ ਜਿੱਥੇ ਇਹ ਵੀਡੀਓਜ਼ ਠੀਕ ਪਾਈਆਂ ਗਈਆਂ ਹਨ, ਇਸ ਨਾਲ ਕੋਈ ਛੇੜਛਾੜ ਨਹੀਂ ਕੀਤੀ ਗਈ ਅਤੇ ਨਾ ਹੀ ਇਹ ਏਆਈ ਨਾਲ ਬਣਾਈਆਂ ਹੋਈਆਂ ਹਨ। ਉਹਨਾਂ ਆਖਿਆ ਕਿ ਗੁਰੂ ਸਾਹਿਬ ਦੀਆਂ ਪ੍ਰਚੱਲਤ ਤਸਵੀਰਾਂ ਅਤੇ ਸੰਤ ਜਰਨੈਲ ਸਿੰਘ ਖਾਲਸਾ ਭਿੰਡਰਾਂ ਵਾਲਿਆਂ ਦੀ ਤਸਵੀਰ ਨਾਲ ਇਤਰਾਜ਼ਯੋਗ ਹਰਕਤਾਂ ਨੂੰ ਬਰਦਾਸ਼ਤ ਨਹੀਂ ਕੀਤਾ ਜਾ ਸਕਦਾ।

ਮੁੱਖ ਮੰਤਰੀ ਵੱਲੋਂ ਗੁਰਦੁਆਰਿਆਂ ਵਿਚੋਂ ਗੋਲਕਾਂ ਚੁੱਕਣ ਦੇ ਦਿੱਤੇ ਗਏ ਇੱਕ ਬਿਆਨ ਦਾ ਸਖਤ ਨੋਟਿਸ ਲੈਂਦਿਆ ਜਥੇਦਾਰ ਗਿਆਨੀ ਕੁਲਦੀਪ ਸਿੰਘ ਗੜਗੱਜ ਵੱਲੋਂ ਮੁੱਖ ਮੰਤਰੀ ਨੂੰ ਕਿਸੇ ਵੀ ਗੁਰਦੁਆਰੇ ਵਿੱਚੋਂ ਗੋਲਕ ਚੁੱਕਣ ਲਈ ਚੁਣੌਤੀ ਦਿੱਤੀ ਗਈ ਹੈ।

## ਭਾਜਪਾ ਲੀਗਲ ਸੈੱਲ ਦਾ ਸਾਬਕਾ ਪ੍ਰਧਾਨ ਰਿਹਾ ਵਕੀਲ ਅਤੇ ਸਹਾਇਕ ਆਈਸ ਡਰੱਗ ਤੇ ਹੈਰੋਇਨ ਸਮੇਤ ਕਾਬੂ

**ਬਠਿੰਡਾ, 15 ਜੂਨ**
**-ਗੁਰਤੇਜ ਅਤਲਾ**

ਬਠਿੰਡਾ ਪੁਲੀਸ ਨੇ ਇੱਕ ਵਕੀਲ ਅਤੇ ਉਸ ਦੇ ਸਹਾਇਕ ਨੂੰ ਭਾਈ ਘਨੱਈਆ ਚੌਂਕ ਤੋਂ ਇੱਕ ਕਾਰ ਵਿੱਚੋਂ 13.53 ਗ੍ਰਾਮ ਆਈਸ ਡਰੱਗ (ਮੈਥਮਫੇਟਾਮਾਈਨ) ਅਤੇ 14.03 ਗ੍ਰਾਮ ਹੈਰੋਇਨ ਲਿਜਾਣ ਦੇ ਦੋਸ਼ ਵਿੱਚ ਗ੍ਰਿਫਤਾਰ ਕਰਨ ਦਾ ਦਾਅਵਾ ਕੀਤਾ ਹੈ।

ਮੁਲਜ਼ਮਾਂ ਦੀ ਪਛਾਣ ਵਕੀਲ ਰੋਹਿਤ ਭਾਰਦਵਾਜ, ਜੋ ਭਾਜਪਾ ਦੇ ਬਠਿੰਡਾ ਜ਼ਿਲ੍ਹਾ ਲੀਗਲ ਸੈੱਲ ਦੇ ਸਾਬਕਾ ਪ੍ਰਧਾਨ ਹੈ ਅਤੇ ਗੋਨਿਆਣਾ ਰੋਡ ਦਾ ਵਸਨੀਕ ਹੈ, ਅਤੇ ਉਸ ਦੇ ਸਹਾਇਕ ਗੁਰਪ੍ਰੀਤ ਸਿੰਘ, ਜੋ ਪਿੰਡ ਬਲਾਹਰ ਵਿੰਝੂ ਦੇ ਰਹਿਣ ਵਾਲਾ ਹਨ,



ਵਜੋਂ ਹੋਈ ਹੈ।

ਬਠਿੰਡਾ ਦੇ ਐੱਸਪੀ (ਸਿਟੀ) ਨਰਿੰਦਰ ਸਿੰਘ ਨੇ ਦੱਸਿਆ ਕਿ ਦੋਵਾਂ ਨੂੰ ਵਪਾਰਕ ਮਾਤਰਾ ਵਿੱਚ ਨਸ਼ੀਲੇ ਪਦਾਰਥ ਲਿਜਾਣ ਸਮੇਂ ਕਾਬੂ ਕੀਤਾ ਗਿਆ ਹੈ। ਐੱਸਪੀ ਨੇ ਕਿਹਾ, ÷ਗੁਰਪ੍ਰੀਤ @ਤੇ ਪਹਿਲਾਂ ਹੀ ਐੱਨਡੀਪੀਐੱਸ ਐਕਟ ਤਹਿਤ ਇੱਕ ਕੇਸ ਦਰਜ ਹੈ।÷

ਪੁਲੀਸ ਨੂੰ ਸ਼ੱਕ ਹੈ ਕਿ ਦੋਵੇਂ ਕਿਸੇ ਵੱਡੇ ਨਸ਼ਾ ਤਸਕਰੀ ਨੈੱਟਵਰਕ ਨਾਲ ਜੁੜੇ ਹੋ ਸਕਦੇ ਹਨ ਅਤੇ ਵਿਸਥਾਰਪੂਰਵਕ ਪੁੱਛਗਿੱਛ ਕੀਤੀ ਜਾ ਰਹੀ ਹੈ ਇਸ ਸਬੰਧੀ ਥਰਮਲ ਪੁਲਿਸ ਸਟੇਸ਼ਨ ਵਿਖੇ ਕੇਸ ਦਰਜ ਕੀਤਾ ਗਿਆ ਹੈ।

ਇਸ ਦੌਰਾਨ ਆਮ ਆਦਮੀ ਪਾਰਟੀ (ਆਪ) ਦੇ ਕੌਮੀ ਕਨਵੀਨਰ ਅਰਵਿੰਦ ਕੇਜਰੀਵਾਲ ਨੇ @ਐਕਸ@ (ਟਵਿੱਟਰ) @ਤੇ ਇੱਕ ਪੋਸਟ ਵਿੱਚ ਭਾਜਪਾ ਦੀ ਨਿਖੇਧੀ ਕਰਦਿਆਂ ਇਸ ਨੂੰ ÷ਈਡੀ ਪਾਰਟੀ÷ ਕਰਾਰ ਦਿੱਤਾ ਅਤੇ ਨਸ਼ਿਆਂ ਖ਼ਿਲਾਫ਼ ਕਾਰਵਾਈ ਲਈ ਮੁੱਖ ਮੰਤਰੀ ਭਗਵੰਤ ਸਿੰਘ ਮਾਨ ਦੀ ਸ਼ਲਾਘਾ ਕੀਤੀ।

ਇਸ ਘਟਨਾਕ੍ਰਮ @ਤੇ ਪ੍ਰਤੀਕਿਰਿਆ ਦਿੰਦਿਆਂ ਭਾਜਪਾ ਦੇ ਬਠਿੰਡਾ ਜ਼ਿਲ੍ਹਾ ਮੀਤ ਪ੍ਰਧਾਨ ਵਰਿੰਦਰ ਸ਼ਰਮਾ ਨੇ ਕਿਹਾ, ÷ਰੋਹਿਤ ਭਾਰਦਵਾਜ ਕੁਝ ਸਾਲ ਪਹਿਲਾਂ ਪਾਰਟੀ ਦੇ ਲੀਗਲ ਸੈੱਲ ਦੇ ਪ੍ਰਧਾਨ ਵਜੋਂ ਸੇਵਾ ਨਿਭਾਅ ਚੁੱਕੇ ਹਨ। ਉਹ ਪਿਛਲੇ ਦੋ-ਤਿੰਨ ਸਾਲਾਂ ਤੋਂ ਪਾਰਟੀ ਦੀਆਂ ਗਤੀਵਿਧੀਆਂ ਵਿੱਚ ਸਰਗਰਮ ਨਹੀਂ ਹਨ।÷

ਇੱਕ ਹੋਰ ਘਟਨਾ ਵਿੱਚ ਰਾਮਪੁਰਾ ਸਦਰ ਪੁਲੀਸ ਨੇ ਐਤਵਾਰ ਰਾਤ ਨੂੰ ਬਠਿੰਡਾ-ਬਰਨਾਲਾ ਰੋਡ @ਤੇ ਇੱਕ ਕਾਰ ਵਿੱਚੋਂ 4.1 ਕਿਲੋ ਅਫੀਮ ਲਿਜਾਣ ਦੇ ਦੋਸ਼ ਵਿੱਚ ਫੂਲ ਪਿੰਡ ਦੇ ਬਲਰਾਜ ਸ਼ਰਮਾ ਅਤੇ ਰਾਮਪੁਰਾ ਮੰਡੀ ਦੇ ਰਾਜ ਕੁਮਾਰ ਨੂੰ ਗ੍ਰਿਫਤਾਰ ਕੀਤਾ ਹੈ।



## ਸੰਪਾਦਕੀ

# ਅਹਿਮਦਾਬਾਦ ਹਾਦਸਾ: ਅਣਸੁਲਝੇ ਸਵਾਲ

ਬੀਤੇ ਸਾਲ 12 ਜੂਨ 2025 ਨੂੰ ਅਹਿਮਦਾਬਾਦ ਤੋਂ ਲੰਡਨ ਜਾ ਰਹੀ ਏਅਰ ਇੰਡੀਆ ਦੀ ਫਲਾਈਟ 171 ਨਾਲ ਵਾਪਰੇ ਭਿਆਨਕ ਹਾਦਸੇ ਨੇ ਪੂਰੀ ਦੁਨੀਆ ਨੂੰ ਹਿਲਾ ਕੇ ਰੱਖ ਦਿੱਤਾ ਸੀ। ਇਹ ਜਹਾਜ਼ ਉਡਾਣ ਭਰਨ ਦੇ ਇੱਕ ਮਿੰਟ ਤੋਂ ਵੀ ਘੱਟ ਸਮੇਂ ਅੰਦਰ ਹਾਦਸਾਗ੍ਰਸਤ ਹੋ ਗਿਆ, ਜਿਸ ਵਿੱਚ ਸਵਾਰ ਲੋਕਾਂ ਵਿੱਚੋਂ ਸਿਰਫ਼ ਇੱਕ ਵਿਅਕਤੀ ਨੂੰ ਛੱਡ ਕੇ ਬਾਕੀ ਸਭ ਦੀ ਮੌਤ ਹੋ ਗਈ। ਇਸ ਤੋਂ ਇਲਾਵਾ ਜ਼ਮੀਨ 'ਤੇ ਮੌਜੂਦ 19 ਹੋਰ ਲੋਕਾਂ ਦੀ ਵੀ ਜਾਨ ਚਲੀ ਗਈ, ਜਿਸ ਕਾਰਨ ਕੁੱਲ ਮੌਤਾਂ ਦੀ ਗਿਣਤੀ 260 ਤੱਕ ਪਹੁੰਚ ਗਈ। ਅਜਿਹੇ ਮਾਮਲਿਆਂ ਵਿੱਚ ਇਹੀ ਮੁੱਢਲੀ ਉਮੀਦ ਹੁੰਦੀ ਹੈ ਕਿ ਨਿਰਧਾਰਤ ਸਮੇਂ ਅੰਦਰ ਨਿਰਪੱਖ ਅਤੇ ਤੱਥਾਂ 'ਤੇ ਆਧਾਰਿਤ ਜਾਂਚ ਹੋਵੇ। ਪਰ 1985 ਦੇ 'ਕਨਿਸ਼ਕ' ਬੰਬ ਧਮਾਕੇ ਤੋਂ ਬਾਅਦ ਏਅਰ ਇੰਡੀਆ ਦੇ ਇਤਿਹਾਸ ਦੇ ਇਸ ਸਭ ਤੋਂ ਦਰਦਨਾਕ ਹਾਦਸੇ ਦੇ ਕਾਰਨਾਂ ਬਾਰੇ ਅੱਜ ਇੱਕ ਸਾਲ ਬੀਤ ਜਾਣ ਤੋਂ ਬਾਅਦ ਵੀ ਜਵਾਬਾਂ ਨਾਲੋਂ ਜ਼ਿਆਦਾ ਸਵਾਲ ਖੜ੍ਹੇ ਹੋ ਰਹੇ ਹਨ। ਇਸ ਹਾਦਸੇ ਦੀ ਜਾਂਚ ਦੇਸ਼-ਵਿਦੇਸ਼ ਵਿੱਚ ਲਗਾਤਾਰ ਤਿੱਖੇ ਵਿਵਾਦਾਂ ਦੇ ਘੇਰੇ ਵਿੱਚ ਹੈ। ਬੇਸ਼ੱਕ, ਅਜਿਹੀ ਕਿਸੇ ਵੀ ਘਟਨਾ ਦੀ ਪੜਤਾਲ ਬੇਹੱਦ ਪੇਚੀਦਾ ਹੁੰਦੀ ਹੈ, ਪਰ ਇਸ ਮਾਮਲੇ ਦਾ ਸਭ ਤੋਂ ਚਿੰਤਾਜਨਕ ਪਹਿਲੂ ਇਹ ਹੈ ਕਿ ਇਸ ਬਾਰੇ ਅਫ਼ਵਾਹਾਂ ਅਤੇ ਕਿਆਸਅਰਾਈਆਂ ਦਾ ਬਾਜ਼ਾਰ ਅੱਜ ਵੀ ਗਰਮ ਹੈ। ਲੋਕਾਂ ਵੱਲੋਂ ਕੰਪਨੀ ਦੇ ਅਸਰ-ਰਸੂਖ ਅਤੇ ਸਿਆਸੀ ਦਬਾਅ ਦੇ ਦੋਸ਼ ਲਾਏ ਜਾ ਰਹੇ ਹਨ, ਜਿਸ ਕਰਕੇ ਹੁਣ ਅਜਿਹੀਆਂ ਉੱਚ ਪੱਧਰੀ ਪੜਤਾਲਾਂ ਦੇ ਢੰਗ-ਤਰੀਕਿਆਂ 'ਤੇ ਸਵਾਲ ਉੱਠਣ ਲੱਗ ਪਏ ਹਨ।

ਘਟਨਾ ਤੋਂ ਇੱਕ ਮਹੀਨੇ ਬਾਅਦ ਭਾਰਤ ਦੇ ਏਅਰਕ੍ਰਾਫਟ ਐਕਸੀਡੈਂਟ ਇਨਵੈਸਟੀਗੇਸ਼ਨ ਬਿਓਰੋ ਵੱਲੋਂ ਜਾਰੀ ਕੀਤੀ ਗਈ ਸ਼ੁਰੂਆਤੀ ਰਿਪੋਰਟ ਕਾਫ਼ੀ ਵਿਵਾਦਪੂਰਨ ਰਹੀ। ਕਿਸੇ ਵੀ ਟ੍ਰਾਂਸਕ੍ਰਿਪਟ (ਗੱਲਬਾਤ ਦੀ ਲਿਖਤ) ਜਾਂ ਇਹ ਦੱਸੇ ਬਿਨਾਂ ਕਿ ਕੌਣ ਬੋਲ ਰਿਹਾ ਸੀ, ਜਾਰੀ ਕੀਤੇ ਗਏ ਇਸ ਸੰਖੇਪ ਬਿਆਨ ਕਾਰਨ ਪਾਇਲਟਾਂ ਦੀ ਭੂਮਿਕਾ ਨੂੰ ਲੈ ਕੇ ਤਰ੍ਹਾਂ-ਤਰ੍ਹਾਂ ਦੇ ਕਿਆਫ਼ੇ ਲਗਾਏ ਜਾਣ ਲੱਗੇ। ਕਿਸੇ ਵੀ ਹਵਾਈ ਹਾਦਸੇ ਦੀ ਜਾਂਚ ਦਾ ਅਸਲ ਮਕਸਦ ਸਹੀ ਕਾਰਨਾਂ ਦਾ ਪਤਾ ਲਗਾਉਣਾ ਅਤੇ ਮੁਸਾਫ਼ਿਰਾਂ ਦੀ ਸੁਰੱਖਿਆ ਨੂੰ ਬਿਹਤਰ ਬਣਾਉਣ ਲਈ ਉਸ ਤੋਂ ਸਬਕ ਸਿੱਖਣਾ ਹੁੰਦਾ ਹੈ, ਪਰ ਏ ਆਈ 171 ਦੇ ਮਾਮਲੇ ਵਿੱਚ ਸਾਹਮਣੇ ਲਿਆਂਦੀ ਗਈ ਜਾਣਕਾਰੀ ਦਾ ਉਲਟਾ ਅਸਰ ਦੇਖਣ ਨੂੰ ਮਿਲਿਆ। ਪਾਇਲਟਾਂ ਦੀਆਂ ਜਥੇਬੰਦੀਆਂ, ਸੁਰੱਖਿਆ ਮੁਹਿੰਮ ਚਲਾਉਣ ਵਾਲਿਆਂ ਅਤੇ ਪੀੜਤ ਪਰਿਵਾਰਾਂ ਨੇ ਚਿਤਾਵਨੀ ਦਿੱਤੀ ਕਿ ਜਾਂਚ ਪ੍ਰਕਿਰਿਆ ਪੂਰੀ ਹੋਣ ਤੋਂ ਪਹਿਲਾਂ ਹੀ ਬਣਾਏ ਜਾ ਰਹੇ ਮਨਘੜਤ ਬਿਰਤਾਂਤ ਜਾਂਚ ਦੀ ਨਿਰਪੱਖਤਾ ਨੂੰ ਨੁਕਸਾਨ ਪਹੁੰਚਾ ਰਹੇ ਹਨ। ਅਜਿਹੇ ਮੌਕੇ ਵਧੇਰੇ ਅਨੁਸ਼ਾਸਿਤ ਅਤੇ ਪੇਸ਼ੇਵਰ ਪਹੁੰਚ ਮਦਦਗਾਰ ਸਾਬਿਤ ਹੋ ਸਕਦੀ ਸੀ। ਇਸ ਹਾਦਸੇ ਦੀ ਅੰਤਿਮ ਰਿਪੋਰਟ ਕਈ ਪ੍ਰੇਸ਼ਾਨ ਕਰਨ ਵਾਲੇ ਤੱਥ ਸਾਹਮਣੇ ਲਿਆ ਸਕਦੀ ਹੈ। ਬੋਇੰਗ ਦਾ 787 ਡ੍ਰੀਮਲਾਈਨਰ ਮਾਡਲ ਸਾਲ 2011 ਤੋਂ ਸੇਵਾਵਾਂ ਵਿੱਚ ਹੈ। ਦੁਨੀਆ ਭਰ ਵਿੱਚ ਇਸ ਜਹਾਜ਼ ਨਾਲ ਵਾਪਰਿਆ ਇਹ ਪਹਿਲਾ ਹਾਦਸਾ ਹੈ। ਇਸ ਦੇ ਨਿਰਮਾਤਾ (ਬੋਇੰਗ ਕੰਪਨੀ) ਲਈ ਜਾਂਚ ਦੇ ਸਿੱਟੇ ਉਸ ਦੀ ਸੁਰੱਖਿਆ, ਗੁਣਵੱਤਾ ਅਤੇ ਇੰਜੀਨੀਅਰਿੰਗ ਨਾਲ ਜੁੜੇ ਫ਼ੈਸਲਿਆਂ ਨੂੰ ਤੈਅ ਕਰਨਗੇ। ਇਸ ਦੇ ਬਾਵਜੂਦ ਇੱਕ ਗੰਭੀਰ ਸਵਾਲ ਅਜੇ ਵੀ ਬਰਕਰਾਰ ਹੈ: ਕੀ ਹੁਣ ਹਵਾਈ ਹਾਦਸਿਆਂ ਦੀ ਜਾਂਚ ਦੇ ਤੌਰ-ਤਰੀਕਿਆਂ ਵਿੱਚ ਇੱਕ ਵੱਖਰੀ ਅਤੇ ਨਵੀਂ ਪਹੁੰਚ ਅਪਣਾਉਣ ਦਾ ਸਮਾਂ ਆ ਗਿਆ ਹੈ ?

**ਛੱਤਰਪਾਲ ਸਿੰਘ**

# ਪਾਰਟੀ ਸੁਪਰੀਮੋ ਬਾਦਲ ਨੇ ਦਿੱਤਾ ਸਤਿਗੁਰੂ ਪ੍ਰੀਤ ਸਿੰਘ ਨੂੰ ਥਾਪੜਾ

**ਪਟਿਆਲਾ, 15 ਜੂਨ**
**-ਅਮਨਦੀਪ ਸੱਭਰਵਾਲ-**

ਸੂਬੇ ਅੰਦਰ 2027 ਦੀਆਂ ਚੋਣਾਂ ਤੋਂ ਪਹਿਲਾਂ ਸ਼੍ਰੋਮਣੀ ਅਕਾਲੀ ਦਲ ਨੂੰ ਮਜਬੂਤ ਕਰਨ ਲਈ ਪਾਰਟੀ ਦੀ ਕਮਾਂਡ ਨੌਜਵਾਨਾਂ ਨੂੰ ਸੌਂਪੀ ਜਾ ਰਹੀ ਹੈ ਤਾਂ ਜੋ ਆਉਣ ਵਾਲੀਆਂ ਵਿਧਾਨ ਸਭਾ ਚੋਣਾਂ ਵਿੱਚ ਦਿੱਲੀ ਤੋਂ ਚੱਲਣ ਵਾਲੀਆਂ ਪਾਰਟੀਆਂ ਦਾ ਸਫਾਇਆ ਕੀਤਾ ਜਾ ਸਕੇ



ਇਸੇ ਲੜੀ ਤਹਿਤ ਭਵਿੱਖ ਲਈ ਸ਼੍ਰੋਮਣੀ ਅਕਾਲੀ ਦਲ ਨੂੰ ਮਜਬੂਤ ਕਰਨ ਲਈ ਹਲਕਾ ਪਟਿਆਲਾ ਸ਼ਹਿਰੀ ਤੋਂ ਸਤਿਗੁਰੂਪ੍ਰੀਤ ਸਿੰਘ ਨੂੰ ਯੂਥ ਦਲ ਦਾ ਪ੍ਰਧਾਨ ਥਾਪਿਆ ਗਿਆ ਹ

ਜਿੱਥੇ ਪਾਰਟੀ ਸੁਪਰੀਮੋ ਸੁਖਬੀਰ ਸਿੰਘ ਬਾਦਲ ਨੇ ਸਤਿਗੁਰਪ੍ਰੀਤ ਸਿੰਘ ਨੂੰ ਥਾਪੜਾ ਦਿੰਦੇ ਹੋਏ ਪਾਰਟੀ ਦੀ ਮਜਬੂਤੀ ਲਈ ਕੰਮ ਕਰਨ ਲਈ ਕਿਹਾ ਉਥੇ ਹੀ ਬਾਦਲ ਨੇ ਕਿਹਾ ਕਿ ਸ਼੍ਰੋਮਣੀ ਅਕਾਲੀ ਦਲ ਦੀ ਮਜਬੂਤੀ ਦਾ ਰਾਜ ਨੌਜਵਾਨ ਵਰਗ ਹੈ

ਜਿਸ ਦੀ ਬਦੌਲਤ ਪਾਰਟੀ ਅੰਦਰ ਜਿਆਦਾਤਰ ਨੌਜਵਾਨਾਂ ਦੀ ਸ਼ਮੂਲੀਅਤ ਕਰਕੇ ਹੀ ਹਰ ਚੋਣ ਅੰਦਰ ਪਾਰਟੀ ਦਾ ਗਰਾਫ ਹੋਰਨਾ ਪਾਰਟੀਆਂ ਨਾਲੋਂ ਉੱਪਰ ਖੜਾ ਹੈ ਉਨ੍ਹਾ ਕਿਹਾ ਕਿ ਭਵਿੱਖ ਆ ਰਹੀਆਂ ਵਿਧਾਨ ਸਭਾ ਚੋਣਾਂ ਲਈ ਨੌਜਵਾਨ ਵਰਗ ਹੁਣ ਤੋਂ ਹੀ ਮੀਟਿੰਗਾਂ ਦਾ ਦੌਰ ਸ਼ੁਰੂ ਕਰ ਦੇਣ ਤਾਂ ਜੋ ਕਾਂਗਰਸ ਅਤੇ ਆਪ ਦਾ ਸੂਬੇ ਅੰਦਰੋਂ ਸੁਫੜਾ ਸਾਫ ਕੀਤਾ ਜਾ ਸਕੇ ਇਸ ਮੌਕੇ ਨਵੇਂ ਥਾਪੇ ਯੂਥ ਅਕਾਲੀ ਦਲ ਹਲਕਾ ਪਟਿਆਲਾ ਸ਼ਹਿਰੀ ਦੇ ਪ੍ਰਧਾਨ ਸਤਿਗੁਰੂ ਪ੍ਰੀਤ ਸਿੰਘ ਨੇ ਕਿਹਾ ਕਿ ਸ਼੍ਰੋਮਣੀ ਅਕਾਲੀ ਦਲ ਹੀ ਸੂਬੇ ਦੀ ਵੱਡੀ ਖੇਤਰੀ ਪਾਰਟੀ ਹੈ

ਜਿਸ ਦਾ ਸਤਾ ਆਉਣਾ ਭਵਿੱਖ ਲਈ ਸ਼ੁਭ ਸੰਕੇਤ ਹੈ ਕਿਉਂਕਿ ਪੰਜਾਬ ਦੀ ਖੇਤਰੀ ਪਾਰਟੀ ਹੀ ਪੰਜਾਬ ਦੇ ਲੋਕਾਂ ਦਾ ਭਲਾ ਸੋਚ ਸਕਦੀ ਹੈ ਅਤੇ ਦਿੱਲੀ ਤੋਂ ਚੱਲਣ ਵਾਲੀਆਂ ਪਾਰਟੀਆਂ ਪੰਜਾਬ ਦੇ ਲੋਕਾਂ ਲਈ ਕੁਝ ਨਹੀਂ ਕਰ ਸਕਦੀਆਂ ਲਿਹਾਜਾ ਸ਼੍ਰੋਮਣੀ ਅਕਾਲੀ ਦਲ ਨੇ ਆਪਣੇ ਰਾਜ ਸਮੇਂ ਜੋ ਪੰਜਾਬ ਲਈ ਕਾਰਜ ਕੀਤੇ ਹਨ ਉਹ ਅੱਜ ਵੀ ਲੋਕਾਂ ਦੇ ਸਿਰ ਚੜ ਬੋਲ ਰਹੇ ਹਨ ਅਤੇ ਹੁਣ ਪੰਜਾਬ ਦੇ ਲੋਕ ਸ਼੍ਰੋਮਣੀ ਅਕਾਲੀ ਦਲ ਦੇ ਸੁਪਰੀਮੋ ਸੁਖਬੀਰ ਸਿੰਘ ਬਾਦਲ ਨੂੰ ਮਜਬੂਤ ਕਰਕੇ ਉਸ ਦੀ ਅਗਵਾਈ ਹੇਠਲੀ ਸ਼੍ਰੋਮਣੀ ਅਕਾਲੀ ਦਲ ਦੀ ਸਰਕਾਰ ਸਤਾ ਵਿੱਚ ਜਰੂਰੀ ਲਿਆਉਣਗੇ ਜਿਸ ਦੇ ਆਉਣ ਨਾਲ ਪੰਜਾਬ ਮੁੜ ਤੋਂ ਤਰੱਕੀ ਦੇ ਰਾਹਾਂ ਨੂੰ ਸਰ ਕਰੇਗਾ ਇਸ ਮੌਕੇ ਯੂਥ ਅਕਾਲੀ ਦਲ ਦੇ ਕੌਮੀ ਪ੍ਰਧਾਨ ਸਰਬਜੀਤ ਸਿੰਘ ਝਿੰਜਰ, ਜਿਲਾ ਪਟਿਆਲਾ ਸ਼ਹਿਰੀ ਹਲਕਾ ਪ੍ਰਧਾਨ ਅਮਿਤ ਸਿੰਘ ਰਾਠੀ ਸਾਬਕਾ ਮੇਅਰ ਅਮਰਿੰਦਰ ਸਿੰਘ ਬਜਾਜ ਆਦਿ ਵੀ ਹਾਜਰ ਸਨ ਜਿਨਾਂ ਨੇ ਹੋਰਨਾਂ ਨੌਜਵਾਨਾਂ ਨੂੰ ਵੀ ਨਿਯੁਕਤੀ ਪੱਤਰ ਦੇ ਕੇ ਨਿਵਾਜਿਆ

# ਤਿੰਨ ਰੋਜ਼ਾ ਗੁਰਮਤਿ ਸੰਗੀਤ ਕਾਰਜਸ਼ਾਲਾ ਸੰਪੰਨ ਜਵੱਦੀ ਟਕਸਾਲ ਵਿਖੇ

**ਲੁਧਿਆਣਾ, 15 ਜੂਨ**
**-ਲਛਮਣ ਜੀਤ ਸਿੰਘ ਪੁਰਬਾ-**

ਜਵੱਦੀ ਟਕਸਾਲ ਵੱਲੋਂ ਪੁਰਾਤਨ ਗੁਰਮਤਿ ਸੰਗੀਤ ਦੀ ਬਹਾਲੀ ਲਈ ਆਯੋਜਿਤ ਤਿੰਨ ਦਿਨਾਂ ਗੁਰਮਤਿ ਸੰਗੀਤ ਕਾਰਜਸ਼ਾਲਾ ਸਫਲਤਾਪੂਰਵਕ ਸੰਪੰਨ ਹੋ ਗਈ। ਸਮਾਪਤੀ ਸਮਾਗਮ ਦੌਰਾਨ ਵਿਸ਼ਵ ਪ੍ਰਸਿੱਧ ਤਬਲਾ ਵਾਦਕ ਪੰ. ਯੋਗੇਸ਼ ਸ਼ਮਸ਼ੀ ਨੇ ਤਬਲਾ ਵਾਦਨ ਦੀ ਮਨਮੋਹਕ ਪੇਸ਼ਕਾਰੀ ਕਰਦਿਆਂ ਸੰਗੀਤ ਪ੍ਰੇਮੀਆਂ ਨੂੰ ਤਬਲੇ ਦੀਆਂ ਬਾਰੀਕੀਆਂ ਨਾਲ ਜਾਣੂ ਕਰਵਾਇਆ।

ਪੰ. ਯੋਗੇਸ਼ ਸ਼ਮਸ਼ੀ ਨੇ ਕਿਹਾ ਕਿ ਗੁਰਬਾਣੀ ਦੇ ਆਤਮਿਕ ਬੋਲਾਂ ਅਤੇ ਗੁਰਮਤਿ ਸੰਗੀਤ ਦੇ ਪ੍ਰਭਾਵ ਨਾਲ ਮਨੁੱਖ ਦੇ ਹਿਰਦੇ ਵਿੱਚ ਸ਼ਾਂਤੀ ਅਤੇ ਰੱਬੀ ਪ੍ਰੇਮ ਦਾ ਸੰਚਾਰ ਕੀਤਾ ਜਾ ਸਕਦਾ ਹੈ।

ਉਨ੍ਹਾਂ ਗੁਰਮਤਿ ਸੰਗੀਤ ਨੂੰ ਮਨ ਦੀ ਇਕਾਗਰਤਾ ਅਤੇ ਆਤਮਿਕ ਉੱਚਾਈ ਦਾ ਪ੍ਰਭਾਵਸ਼ਾਲੀ ਸਾਧਨ ਦੱਸਿਆ।



ਕਾਰਜਸ਼ਾਲਾ ਦੌਰਾਨ ਪ੍ਰੋ. ਇਕਬਾਲ ਸਿੰਘ ਜਮਾਲਪੁਰੀ, ਉਸਤਾਦ ਬਲਵੀਰ ਸਿੰਘ ਮੋਗਾ, ਪ੍ਰੋ. ਰਾਜਬਰਿੰਦਰ ਸਿੰਘ, ਪ੍ਰੋ. ਚਰਨਜੀਤ ਕੌਰ ਅਤੇ ਹੋਰ ਵਿਦਵਾਨਾਂ ਨੇ ਗੁਰਮਤਿ ਸੰਗੀਤ ਦੇ ਵੱਖ-ਵੱਖ ਪੱਖਾਂ ਬਾਰੇ ਜਾਣਕਾਰੀ ਸਾਂਝੀ ਕੀਤੀ। ਇਸ ਮੌਕੇ ਜਵੱਦੀ ਟਕਸਾਲ ਦੇ ਮੁਖੀ ਸੰਤ ਬਾਬਾ ਅਮੀਰ ਸਿੰਘ ਨੇ ਸੰਗੀਤ ਉਸਤਾਦਾਂ ਅਤੇ ਸੇਵਾਦਾਰਾਂ ਨੂੰ ਸਿਰੋਪਾਓ ਭੇਟ ਕਰਕੇ ਸਨਮਾਨਿਤ ਕੀਤਾ ਅਤੇ ਸਿੱਖ ਸੰਗਤ ਨੂੰ ਗੁਰਬਾਣੀ ਅਤੇ ਗੁਰਮਤਿ ਸੰਗੀਤ ਨਾਲ ਜੁੜਨ ਦੀ ਅਪੀਲ ਕੀਤੀ।

ਖਚਾਖਚ ਭਰੇ ਹਾਲ ਵਿੱਚ ਹੋਈ ਇਸ ਕਾਰਜਸ਼ਾਲਾ ਨੇ ਗੁਰਮਤਿ ਸੰਗੀਤ ਪ੍ਰਤੀ ਸੰਗਤਾਂ ਦੇ ਉਤਸ਼ਾਹ ਅਤੇ ਲਗਨ ਨੂੰ ਦਰਸਾਇਆ।

# ਰੋਟਰੀ ਕਲੱਬ ਸਿਟੀ ਸੁਨਾਮ ਵੱਲੋਂ ਕੜ੍ਹੀ-ਚਾਵਲਾਂ ਦਾ ਅਤੁੱਟ ਲੰਗਰ



**ਸੁਨਾਮ, 15 ਜੂਨ**
**-- ਸ਼.ਅ.ਬਿਓਰੋ-**

ਅਧਿਕ ਮਾਸ ਦੇ ਪਾਵਨ ਮੌਕੇ @ਤੇ ਸਥਾਨਕ ਬ੍ਰਹਮਸਿਰਾ ਮੰਦਰ ਦੇ ਬਾਹਰ ਰੋਟਰੀ ਕਲੱਬ ਸਿਟੀ ਸੁਨਾਮ ਵੱਲੋਂ ਸ਼ਰਧਾ ਅਤੇ ਸੇਵਾ ਭਾਵਨਾ ਨਾਲ ਕੜ੍ਹੀ-ਚਾਵਲਾਂ ਦਾ ਅਤੁੱਟ ਲੰਗਰ ਲਗਾਇਆ ਗਿਆ।

ਇਸ ਧਾਰਮਿਕ ਅਤੇ ਸਮਾਜ ਸੇਵਾ ਨਾਲ ਜੁੜੇ ਉਪਰਾਲੇ ਦਾ ਆਯੋਜਨ ਕਲੱਬ ਦੇ ਪ੍ਰਧਾਨ ਰਾਜੀਵ ਮੱਖਣ, ਸਕੱਤਰ ਮੁਨੀਸ਼ ਮੋਨੂ ਅਤੇ ਖਜ਼ਾਨਚੀ ਰਾਜੇਸ਼ ਡੱਲਾ ਦੀ ਸਾਂਝੀ ਅਗਵਾਈ ਹੇਠ ਕੀਤਾ ਗਿਆ।ਇਸ ਮੌਕੇ ਕਲੱਬ ਦੇ ਪ੍ਰਧਾਨ ਰਾਜੀਵ ਮੱਖਣ ਨੇ ਕਿਹਾ ਕਿ ਰੋਟਰੀ ਕਲੱਬ ਹਮੇਸ਼ਾ ਹੀ ਸਮਾਜ ਸੇਵਾ ਦੇ ਕਾਰਜਾਂ ਵਿੱਚ ਅੱਗੇ ਰਹਿੰਦਾ ਹੈ। ਉਨ੍ਹਾਂ ਦੱਸਿਆ ਕਿ ਕਲੱਬ ਵੱਲੋਂ ਵਾਤਾਵਰਣ ਸੰਭਾਲ, ਸਫ਼ਾਈ ਅਭਿਆਨਾਂ ਅਤੇ ਲੋਕ ਭਲਾਈ ਨਾਲ ਜੁੜੇ ਹੋਰ ਕਾਰਜਾਂ ਦੇ ਨਾਲ-ਨਾਲ ਸਮੇਂ-ਸਮੇਂ @ਤੇ ਲੋੜਵੰਦਾਂ ਨੂੰ ਭੋਜਨ ਮੁਹੱਈਆ ਕਰਵਾਉਣ ਲਈ ਅਜਿਹੇ ਲੰਗਰਾਂ ਦਾ ਆਯੋਜਨ ਵੀ ਕੀਤਾ ਜਾਂਦਾ ਹੈ, ਤਾਂ ਜੋ ਮਨੁੱਖਤਾ ਦੀ ਸੇਵਾ ਕੀਤੀ ਜਾ ਸਕੇ।ਇਸ ਧਾਰਮਿਕ ਅਤੇ ਸੇਵਾ ਭਾਵਨਾ ਨਾਲ ਭਰਪੂਰ ਸਮਾਗਮ ਨੂੰ ਸਫ਼ਲ ਬਣਾਉਣ ਲਈ ਆਸ਼ੂ, ਸੁਰਿੰਦਰ ਲੌਂਗੋਵਾਲੀਆ, ਸੁਰਿੰਦਰ ਸਿੰਧੀ, ਅਨਿਕ ਬਾਂਸਲ, ਦੀਪਕ ਸਿੰਗਲਾ, ਸੰਜੇ ਕਾਂਸਲ, ਧੀਰਜ, ਰਾਜੇਸ਼ ਮੱਪ, ਪ੍ਰਵੀਨ ਪੀਨਾ, ਲੱਕੀ ਗੋਇਲ, ਕੇਵਲ ਕ੍ਰਿਸ਼ਨ ਬੱਲੂ ਅਤੇ ਚੰਦਰਸ਼ੇਖਰ ਸਮੇਤ ਕਈ ਕਲੱਬ ਮੈਂਬਰਾਂ ਅਤੇ ਪਤਵੰਤਿਆਂ ਨੇ ਆਪਣੀਆਂ ਨਿਸ਼ਕਾਮ ਸੇਵਾਵਾਂ ਨਿਭਾਈਆਂ।ਇਸ ਮੌਕੇ ਲੰਗਰ ਵਿੱਚ ਵੱਡੀ ਗਿਣਤੀ ਵਿੱਚ ਸ਼ਰਧਾਲੂਆਂ ਨੇ ਸ਼ਾਮਲ ਹੋ ਕੇ ਪ੍ਰਸ਼ਾਦ ਗ੍ਰਹਿਣ ਕੀਤਾ ਅਤੇ ਰੋਟਰੀ ਕਲੱਬ ਸਿਟੀ ਸੁਨਾਮ ਦੇ ਇਸ ਲੋਕ ਭਲਾਈ ਉਪਰਾਲੇ ਦੀ ਭਰਪੂਰ ਸ਼ਲਾਘਾ ਕੀਤੀ।

# ਕੈਬਨਿਟ ਮੰਤਰੀ ਦੇ ਕੰਮਾਂ ਦਾ ਜਲਬਾ, ਪਿੰਡ ਕਰੌਂਦਾ ਦੇ ਹਰ ਘਰ ਨੇ ਫੜਿਆ ਆਪ ਦਾ ਪੱਲਾ



**ਖਨੌਰੀ , 15 ਜੂਨ**
**-- ਸ਼.ਅ.ਬਿਓਰੋ-**

ਕੈਬਨਿਟ ਮੰਤਰੀ ਐਡਵੋਕੇਟ ਬਰਿੰਦਰ ਗੋਇਲ ਵੱਲੋਂ ਸਮੁੱਚੇ ਹਲਕੇ ਅੰਦਰ ਕਰਵਾਏ ਜਾ ਰਹੇ ਵਿਕਾਸ ਕੰਮਾਂ ਤੋਂ ਪ੍ਰਭਾਵਿਤ ਹੁੰਦਿਆਂ ਹਲਕੇ ਦੇ ਪਿੰਡ ਕਰੌਂਦਾ ਦੇ ਲਗਭਗ ਹਰ ਪਰਿਵਾਰ ਨੇ ਅੱਜ ਕੈਬਨਿਟ ਮੰਤਰੀ ਐਡਵੋਕੇਟ ਬਰਿੰਦਰ ਗੋਇਲ ਦੀ ਹਾਜ਼ਰੀ ਵਿੱਚ ਆਮ ਆਦਮੀ ਪਾਰਟੀ ਵਿੱਚ ਸ਼ਾਮਿਲ ਹੋਣ ਦਾ ਐਲਾਨ ਕੀਤਾ।

ਪਿੰਡ ਵਿਖੇ ਹੋਏ ਇੱਕ ਪ੍ਰਭਾਵਸ਼ਾਲੀ ਸਮਾਗਮ ਵਿੱਚ ਪਿੰਡ ਦੇ ਹਰ ਪਰਿਵਾਰ ਦੇ ਵਿਅਕਤੀਆਂ ਨੇ ਸ਼ਿਰਕਤ ਕਰਦਿਆਂ ਮੰਤਰੀ ਗੋਇਲ ਤੋਂ ਅਸ਼ੀਰਵਾਦ ਲਿਆ। ਵੱਡੀ ਸੰਖਿਆ ਵਿੱਚ ਆਪ ਵਿੱਚ ਸ਼ਾਮਿਲ ਹੋਣ ਤੋਂ ਹੋਣ ਤੇ ਗਦ ਗਦ ਹੋਏ ਮੰਤਰੀ ਗੋਇਲ ਨੇ ਕਿਹਾ ਕਿ ਪਾਰਟੀ ਵਿੱਚ ਹਰ ਵੱਡੇ ਛੋਟੇ ਵਿਅਕਤੀ ਨੂੰ ਪੂਰਾ ਮਾਨ ਸਨਮਾਨ ਦਿੱਤਾ ਜਾਵੇਗਾ। ਉਹਨਾਂ ਕਿਹਾ ਕਿ ਮੁੱਖ ਮੰਤਰੀ ਸਰਦਾਰ ਭਗਵੰਤ ਸਿੰਘ ਮਾਨ ਦੀ ਅਗਵਾਈ ਵਿੱਚ ਸਮੁੱਚੇ ਪੰਜਾਬ ਵਿੱਚ ਹੋ ਰਹੇ ਵਿਕਾਸ ਕੰਮ ਬੋਲ ਰਹੇ ਹਨ, ਪੰਜਾਬ ÷ਰੰਗਲਾ ਪੰਜਾਬ÷ ਬਣ ਰਿਹੈ, ਉਨ੍ਹਾਂ ਵਿਰੋਧੀ ਪਾਰਟੀਆਂ ਤੇ ਤੰਜ਼ ਕਸਦਿਆਂ ਕਿਹਾ ਕਿ ਵਿਰੋਧੀਆਂ ਕੋਲ ਪੰਜਾਬ ਦੇ ਵਿਕਾਸ, ਖੁਸ਼ਹਾਲੀ ਤੇ ਅਮਨ ਸ਼ਾਂਤੀ ਲਈ ਕੋਈ ਏਜੰਡਾ ਨਹੀਂ।

ਸਰਕਾਰੀ ਸਕੂਲਾਂ ਵਿੱਚ ਸਕੂਲ ਆਫ ਐਮੀਨੈਂਸ ਖੋਲਣਾ, ਆਮ ਆਦਮੀ ਕਲੀਨਿਕ , ਪੁਲਾਂ ਡਰੇਨਾਂ ਦਾ ਨਿਰਮਾਣ, ਹਰ ਪਰਿਵਾਰ ਨੂੰ 600 ਯੂਨਿਟ ਬਿਜਲੀ ਮਾਫ਼ ,65ਹਜਾਰ ਤੋਂ ਵੱਧ ਬੇਰੁਜ਼ਗਾਰਾਂ ਨੂੰ ਸਰਕਾਰੀ ਨੌਕਰੀ, ਭਰਿਸ਼ਟਾਚਾਰ ਵਿਰੋਧੀ ਹੈਲਪਲਾਈਨ, ÷ਮੁੱਖ ਮੰਤਰੀ ਤੀਰਥ ਯਾਤਰਾ÷ ਦੇ ਤਹਿਤ ਜਨਤਾ ਨੂੰ ਵੱਖ ਵੱਖ ਧਾਰਮਿਕ ਸਥਾਨਾਂ ਦੇ ਦਰਸ਼ਨ ਕਰਾਉਣਾ, ਟੇਲਾਂ ਤੱਕ ਪਾਣੀ ਪਹੁੰਚਾਉਣਾ, ਪਿੰਡ ਪਿੰਡ ਸਟੇਡੀਅਮ ਬਣਾਉਣਾ ਅਤੇ ਸੂਬੇ ਦੇ ਹਰ ਖੇਤ ਤੱਕ ਨਹਿਰੀ ਪਾਣੀ ਪਹੁੰਚਾਣਾ ਪੰਜਾਬ ਸਰਕਾਰ ਦੇ ਇਤਿਹਾਸਿਕ ਕੰਮ ਹਨ, ਇਸ ਮੌਕੇ ਆਪ ਵਿੱਚ ਸ਼ਾਮਿਲ ਹੋਣ ਵਾਲੇ ਪਰਿਵਾਰਾਂ ਵੀਰਾ ਸਿੰਘ ਮੈਂਬਰ, ਪਰਜਾਪਤ ਜਿਲੇ ਸਿੰਘ ,ਸਤਪਾਲ ਸਿੰਘ, ਗਜੇ ਸਿੰਘ, ਕ੍ਰਿਸ਼ਨ ਕੁਮਾਰ, ਮਨਦੀਪ ਪੁੱਤਰ ਸੂਰਜ ਮੱਲ, ਸੋਨੂ ਸਿੰਘ ਪੁੱਤਰ ਮਨਿੰਦਰ ਸਿੰਘ ,ਜਿਲੇ ਸਿੰਘ ਪੁੱਤਰ ਮੋਹਨ ਸਿੰਘ, ਗੀਨਾ ਪੁੱਤਰ ਜਗਤ ਰਾਮ, ਵਿੱਕੀ ਪੁੱਤਰ ਕਰਮਵੀਰ, ਕਪਿਲ ਪੁੱਤਰ ਰਾਮ ਨਿਵਾਸ, ਸੰਦੀਪ ਪੁੱਤਰ ਬਸਾਊ, ਅਭਿਸ਼ੇਕ , ਜ਼ੋਰਾ ਸਿੰਘ ਪੁੱਤਰ ਜੈ ਸਿੰਘ, ਅਜੇ ਪੁੱਤਰ ਰਮੇਸ਼ਵਰ ਤੋਂ ਇਲਾਵਾ ਹੋਰਾਂ ਨੇ ਕਿਹਾ ਕਿ ਉਹ ਕੈਬਨਿਟ ਮੰਤਰੀ ਗੋਇਲ ਵੱਲੋਂ ਹਲਕੇ ਅਤੇ ਉਹਨਾਂ ਦੇ ਪਿੰਡ ਵਿੱਚ ਕੀਤੇ ਗਏ ਅਤੇ ਕੀਤੇ ਜਾ ਰਹੇ ਵਿਕਾਸ ਕੰਮਾਂ ਤੋਂ ਖੁਸ਼ ਹੋ ਕੇ ÷ਆਮ ਆਦਮੀ ਪਾਰਟੀ÷ ਵਿੱਚ ਸ਼ਾਮਿਲ ਹੋ ਰਹੇ ਹਨ, ਜੋ ਕੰਮ ਕੈਬਨਿਟ ਮੰਤਰੀ ਐਡਵੋਕੇਟ ਬਰਿੰਦਰ ਗੋਇਲ ਨੇ ਚਾਰ ਸਾਲਾਂ ਵਿੱਚ ਕੀਤੇ ਹਨ, ਉਹ ਪਿਛਲੀਆਂ ਸਰਕਾਰਾਂ 50 ਸਾਲਾਂ ਵਿੱਚ ਵੀ ਨਹੀਂ ਕਰ ਸਕੀਆਂ।

ਇਸ ਮੌਕੇ ਸੈਂਕੜੇ ਆਗੂ ਅਤੇ ਵਲੰਟੀਅਰ ਹਾਜ਼ਰ ਸਨ।

# ਲਿਵਾਸਾ ਹਸਪਤਾਲ ਵੱਲੋਂ ਕੁਦਰਤ ਵੈਲਫੇਅਰ ਟਰੱਸਟ ਦਾ ਸਨਮਾਨ ਵਿਸ਼ਵ ਖੂਨਦਾਨ ਦਿਵਸ ਮੌਕੇ

**ਮੋਹਾਲੀ, 15 ਜੂਨ**
**--- ਸ਼.ਅ.ਬਿਓਰੋ--**

ਵਿਸ਼ਵ ਖੂਨਦਾਨ ਦਿਵਸ ਦੇ ਮੌਕੇ @ਤੇ ਲਿਵਾਸਾ ਹਸਪਤਾਲ, ਮੋਹਾਲੀ ਵੱਲੋਂ ਕੁਦਰਤ ਵੈਲਫੇਅਰ ਟਰੱਸਟ ਨੂੰ ਲੋੜਵੰਦ ਮਰੀਜ਼ਾਂ ਲਈ ਖੂਨ ਅਤੇ ਪਲੇਟਲੈਟਸ ਦੀ ਵਿਵਸਥਾ ਕਰਨ ਵਿੱਚ ਇਸ ਦੇ ਲਗਾਤਾਰ ਯੋਗਦਾਨ ਲਈ ਸਨਮਾਨਿਤ ਕੀਤਾ ਗਿਆ।

ਇਸ ਸਮਾਗਮ ਵਿੱਚ ਡਾ. ਅਭਿਸ਼ੇਕ ਗਰਗ, ਫੈਸਿਲਿਟੀ ਡਾਇਰੈਕਟਰ, ਡਾ. ਵਰੁਣ ਹਟਵਾਲ, ਕਨਸਲਟੈਂਟ ਅਤੇ ਮੁਖੀ, ਟ੍ਰਾਂਸਫਿਊਜ਼ਨ ਮੈਡੀਸਨ ਵਿਭਾਗ, ਡਾ. ਮਹਿਕਦੀਪ, ਕਨਸਲਟੈਂਟ, ਟ੍ਰਾਂਸਫਿਊਜ਼ਨ ਮੈਡੀਸਨ, ਮਮਿਤ ਸ਼ਰਮਾ, ਟੈਕਨੀਕਲ ਮੈਨੇਜਰ, ਟ੍ਰਾਂਸਫਿਊਜ਼ਨ ਮੈਡੀਸਨ ਅਤੇ ਵੱਖ-ਵੱਖ ਸਮਾਜ ਸੇਵੀ ਸੰਸਥਾਵਾਂ, ਸਮੂਹਾਂ ਅਤੇ ਖੂਨਦਾਨ ਸੇਵਾਦਾਰਾਂ ਦੇ ਨੁਮਾਇੰਦੇ ਹਾਜ਼ਰ ਸਨ। ਇਸ ਮੌਕੇ ਵਿਸ਼ਵ ਖੂਨਦਾਨ ਦਿਵਸ ਮਨਾਉਣ ਲਈ ਕੇਕ ਵੀ ਕੱਟਿਆ ਗਿਆ।



ਕੁਦਰਤ ਵੈਲਫੇਅਰ ਟਰੱਸਟ ਦੀ ਨੁਮਾਇੰਦਗੀ ਇਸ ਦੇ ਚੇਅਰਮੈਨ ਜੀ. ਐਸ. ਆਹਲੂਵਾਲੀਆ ਅਤੇ ਕੁਦਰਤ ਪਰਿਵਾਰ ਦੇ ਮੈਂਬਰ ਗੁਰਪ੍ਰਤਾਪ ਸਿੰਘ ਵਾਲੀਆ ਨੇ ਕੀਤੀ। ਸਮਾਗਮ ਦੌਰਾਨ ਸਿਰਫ਼ ਚੁਣਿੰਦੀਆਂ ਸੰਸਥਾਵਾਂ, ਸਮੂਹਾਂ ਅਤੇ ਸੇਵਾਦਾਰਾਂ ਨੂੰ ਸਨਮਾਨਿਤ ਕੀਤਾ ਗਿਆ, ਜਿਨ੍ਹਾਂ ਵਿੱਚ ਕੁਦਰਤ ਵੈਲਫੇਅਰ ਟਰੱਸਟ ਵੀ ਸ਼ਾਮਲ ਸੀ।ਸਮਾਗਮ ਦੌਰਾਨ ਮਮਿਤ ਸ਼ਰਮਾ ਨੇ ਡਾ. ਅਭਿਸ਼ੇਕ ਗਰਗ, ਡਾ. ਵਰੁਣ ਹਟਵਾਲ ਅਤੇ ਹੋਰ ਹਾਜ਼ਰ ਮਹਿਮਾਨਾਂ ਨਾਲ ਗੱਲਬਾਤ ਕਰਦੇ ਹੋਏ ਲਿਵਾਸਾ ਹਸਪਤਾਲ ਅਤੇ ਕੁਦਰਤ ਵੈਲਫੇਅਰ ਟਰੱਸਟ ਦੇ ਮਜ਼ਬੂਤ ਸਬੰਧਾਂ ਦਾ ਜ਼ਿਕਰ ਕੀਤਾ। ਉਨ੍ਹਾਂ ਕਿਹਾ ਕਿ ਟਰੱਸਟ ਨੇ ਹਸਪਤਾਲ ਵਿੱਚ ਦਾਖ਼ਲ ਮਰੀਜ਼ਾਂ ਲਈ ਖੂਨ ਅਤੇ ਪਲੇਟਲੈਟਸ ਦੀ ਵਿਵਸਥਾ ਕਰਨ ਵਿੱਚ ਹਮੇਸ਼ਾ ਤੇਜ਼, ਭਰੋਸੇਯੋਗ ਅਤੇ ਸਮਰਪਿਤ ਸਹਿਯੋਗ ਦਿੱਤਾ ਹੈ। ਉਨ੍ਹਾਂ ਦੱਸਿਆ ਕਿ ਜਿੱਥੇ ਕਈ ਸੰਸਥਾਵਾਂ ਮੁੱਖ ਤੌਰ @ਤੇ ਖੂਨਦਾਨ ਕੈਂਪ ਲਗਾਉਂਦੀਆਂ ਹਨ, ਉੱਥੇ ਕੁਦਰਤ ਵੈਲਫੇਅਰ ਟਰੱਸਟ ਨੇ ਸਾਲ ਭਰ ਲੋੜਵੰਦ ਮਰੀਜ਼ਾਂ ਨੂੰ ਸਿੱਧੀ ਮਦਦ ਪਹੁੰਚਾ ਕੇ ਆਪਣੀ ਵੱਖਰੀ ਪਛਾਣ ਬਣਾਈ ਹੈ। ਟਰੱਸਟ ਮਰੀਜ਼ਾਂ ਦੇ ਪਰਿਵਾਰਾਂ ਅਤੇ ਹਸਪਤਾਲਾਂ ਨਾਲ ਤਾਲਮੇਲ ਕਰਕੇ ਖੂਨ ਅਤੇ ਪਲੇਟਲੈਟਸ ਦੀ ਤੁਰੰਤ ਲੋੜ ਪੂਰੀ ਕਰਨ ਵਿੱਚ ਸਹਾਇਤਾ ਕਰਦਾ ਹੈ।

ਕੁਦਰਤ ਵੈਲਫੇਅਰ ਟਰੱਸਟ ਨਾਲ ਜੁੜੀ ਸੇਵਾ ਯਾਤਰਾ ਸਾਲ 2020-21 ਵਿੱਚ ਜੀ. ਐਸ. ਆਹਲੂਵਾਲੀਆ ਦੀ ਪਹਿਲ ਨਾਲ ਸ਼ੁਰੂ ਹੋਈ। ਬਾਅਦ ਵਿੱਚ 22 ਦਸੰਬਰ 2022 ਨੂੰ ਟਰੱਸਟ ਨੂੰ ਰਸਮੀ ਤੌਰ @ਤੇ ਰਜਿਸਟਰ ਕੀਤਾ ਗਿਆ। ਅੱਜ ਕੁਦਰਤ ਵੈਲਫੇਅਰ ਟਰੱਸਟ ਨਾਲ ਲਗਭਗ 1,000 ਲੋਕਾਂ ਦਾ ਇੱਕ ਲਗਾਤਾਰ ਵੱਧ ਰਿਹਾ ਪਰਿਵਾਰ ਜੁੜਿਆ ਹੋਇਆ ।

# ਭਾਜਪਾ 2027 ਦੀਆਂ ਪੰਜਾਬ ਚੋਣਾਂ ਇਕੱਲੇ ਲੜੇਗੀ, ਮੋਦੀ ਸਰਕਾਰ ਦੇ 12 ਸਾਲ ਵਿਕਾਸ ਨੂੰ ਸਮਰਪਿਤ : ਹਰਦੀਪ



**ਲੁਧਿਆਣਾ, 15 ਜੂਨ**
**-ਲਛਮਣ ਜੀਤ ਸਿੰਘ ਪੁਰਬਾ-**

ਕੇਂਦਰੀ ਪੈਟਰੋਲੀਅਮ ਅਤੇ ਕੁਦਰਤੀ ਗੈਸ ਮੰਤਰੀ ਹਰਦੀਪ ਸਿੰਘ ਪੁਰੀ ਨੇ ਕਿਹਾ ਕਿ ਪ੍ਰਧਾਨ ਮੰਤਰੀ ਨਰਿੰਦਰ ਮੋਦੀ ਦੇ 12 ਸਾਲਾਂ ਦੇ ਕਾਰਜਕਾਲ ਦੌਰਾਨ ਦੇਸ਼ ਨੇ ਇਤਿਹਾਸਕ ਤਰੱਕੀ ਕੀਤੀ ਹੈ ਅਤੇ ਸਰਕਾਰੀ ਯੋਜਨਾਵਾਂ ਦਾ ਲਾਭ ਸਿੱਧੇ ਤੌਰ @ਤੇ ਲੋਕਾਂ ਤੱਕ ਪਹੁੰਚ ਰਿਹਾ ਹੈ।

ਲੁਧਿਆਣਾ ਵਿੱਚ ਪ੍ਰੈਸ ਕਾਨਫਰੰਸ ਦੌਰਾਨ ਉਨ੍ਹਾਂ ਕਿਹਾ ਕਿ ਭਾਰਤ ਵਿੱਚ ਪੈਟਰੋਲ-ਡੀਜ਼ਲ ਦੀਆਂ ਕੀਮਤਾਂ ਦੁਨੀਆ ਦੇ ਕਈ ਦੇਸ਼ਾਂ ਨਾਲੋਂ ਘੱਟ ਹਨ ਅਤੇ ਸਰਕਾਰ ਗ੍ਰੀਨ ਹਾਈਡ੍ਰੋਜਨ, ਬਾਇਓਫਿਊਲ ਅਤੇ ਇਲੈਕਟ੍ਰਿਕ ਵਾਹਨਾਂ ਨੂੰ ਉਤਸ਼ਾਹਿਤ ਕਰ ਰਹੀ ਹੈ।

ਅਕਾਲੀ-ਭਾਜਪਾ ਗੱਠਜੋੜ ਦੇ ਸਵਾਲ @ਤੇ ਉਨ੍ਹਾਂ ਸਪੱਸ਼ਟ ਕੀਤਾ ਕਿ ਭਾਜਪਾ ਦੇਸ਼ ਦੀ ਸਭ ਤੋਂ ਵੱਡੀ ਪਾਰਟੀ ਹੈ ਅਤੇ 2027 ਦੀਆਂ ਪੰਜਾਬ ਵਿਧਾਨ ਸਭਾ ਚੋਣਾਂ ਇਕੱਲੇ ਲੜੇਗੀ।






Shaheed-e-Azam Printed, published and owned by Harjinder Chaudhary printed at Raftaar Printing Press, Factory Area, Patiala and published at Office Shaheed-e-Azam, Dukhniwaran Chowk Patiala.
Editor : Chhatarpal Singh
PRGI (RNI) Regd. No. 42354

ਨੋਟ : ਸੰਪਾਦਕ ਸਿਰਫ਼ ਪੀ ਆਰ ਬੀ ਐਕਟ ਅਧੀਨ ਖ਼ਬਰਾਂ ਲਈ ਜ਼ਿੰਮੇਵਾਰ ਕਿਸੇ ਵੀ ਕਿਸਮ ਦੇ ਝਗੜਿਆਂ ਦਾ ਨਿਪਟਾਰਾ ਸਿਰਫ਼ ਪਟਿਆਲਾ ਅਦਾਲਤ 'ਚ ਹੀ ਹੋਵੇਗਾ।

Shaheed-e-Azam, Daily Punjabi Newspaper, Patiala
Editor-in-Chief : Prabhjit Singh
Editor : Chhatarpal Singh
Contact : 93165-23260, 98146-32807
Email : seanewspatiala@gmail.com
www.shaheedeazamnews.com
For Advertisement : 93165-23260, 98146-32807







# ਭਗਤੀ ਅਤੇ ਤਿਆਗ ਦੇ ਪ੍ਰਤੀਕ ਬਾਬਾ ਸ੍ਰੀ ਚੰਦ

ਬਾਬਾ ਸ੍ਰੀ ਚੰਦ ਜੀ ਦਾ ਪ੍ਰਕਾਸ਼ ਬਿਕ੍ਰਮੀ ਸੰਮਤ 1551 ਭਾਦੋਂ ਸੁਦੀ ਨੌਮੀ ਦੇ ਸ਼ੁੱਕਰਵਾਰ ਨੂੰ ਗੁਰੂ ਨਾਨਕ ਦੇਵ ਅਤੇ ਮਾਤਾ ਸੁਲੱਖਣੀ ਦੇ ਘਰ ਸੁਲਤਾਨਪੁਰ ਲੋਧੀ, ਜ਼ਿਲ੍ਹਾ ਕਪੂਰਥਲਾ ਵਿੱਚ ਹੋਇਆ। ਬਾਬਾ ਜੀ ਨੇ ਮੁੱਢਲੀ ਸਿੱਖਿਆ ਪੰਡਿਤ ਹਰਦਿਆਲ ਕੋਲੋਂ ਹਾਸਲ ਕੀਤੀ ਅਤੇ ਇਸ ਪਿੱਛੋਂ ਕਸ਼ਮੀਰ ਜਾ ਕੇ ਪੰਡਿਤ ਪਰਸ਼ੋਤਮ ਕੋਲੋਂ ਬ੍ਰਹਮ ਵਿੱਦਿਆ ਲਈ। ਇਸ ਮਗਰੋਂ ਉਨ੍ਹਾਂ ਨੇ ਕਸ਼ਮੀਰ ਵਿਚ ਹੀ ਉਦਾਸੀਨ ਮਹਾਂਪੁਰਸ਼ ਅਵਨਾਸੀ ਮੁਨੀ ਜੀ ਨੂੰ ਗੁਰੂ ਧਾਰਨ ਕੀਤਾ ਅਤੇ ਉਨ੍ਹਾਂ ਤੋਂ ਉਪਦੇਸ਼ ਲੈ ਕੇ ਜਗਤ ਉਧਾਰ ਕਰਨ ਲਈ ਤੁਰ ਪਏ। ਉਸ ਸਮੇਂ ਮੁਗਲ ਬਾਦਸ਼ਾਹ ਹਿੰਦੂ ਧਰਮ 'ਤੇ ਅੱਤਿਆਚਾਰ ਕਰ ਰਹੇ ਸਨ। ਬਾਬਾ ਜੀ ਨੇ ਧਰਮ ਦੀ ਰੱਖਿਆ ਲਈ ਵਿਸ਼ੇਸ਼ ਉੱਦਮ ਕਰਦਿਆਂ ਧਰਮ ਪ੍ਰਚਾਰ ਦੇ ਪੰਜ ਕੇਂਦਰ ਸਥਾਪਿਤ ਕੀਤੇ। ਪਹਿਲਾ ਸਥਾਨ ਸ੍ਰੀਨਗਰ (ਕਸ਼ਮੀਰ ਵਿੱਚ), ਦੂਜਾ ਸਥਾਨ ਕਾਬੁਲ (ਅਫ਼ਗਾਨਿਸਤਾਨ), ਤੀਜਾ ਸਥਾਨ ਸੀਨਾ ਪ੍ਰਾਂਤ (ਪਿਸ਼ਾਵਰ), ਚੌਥਾ ਸਥਾਨ ਸਿੰਧ ਸੱਖ਼ਰ ਠੱਠਾ (ਹੁਣ ਪਾਕਿਸਤਾਨ) ਅਤੇ ਪੰਜਵਾਂ ਸਥਾਨ ਬਾਰਠ ਸਾਹਿਬ (ਪਠਾਨਕੋਟ) ਵਿੱਚ ਸਥਾਪਿਤ ਕੀਤਾ। ਉਸ ਸਮੇਂ ਦੌਰਾਨ ਮੁਗਲ ਬਾਦਸ਼ਾਹਾਂ ਨੇ ਜਿਹੜੇ ਮੰਦਰਾਂ ਨੂੰ ਬੰਦ ਕਰਵਾ ਦਿੱਤਾ ਸੀ, ਉਨ੍ਹਾਂ ਮੰਦਰਾਂ 'ਚ ਜਾ ਕੇ ਬਾਬਾ ਸ੍ਰੀ ਚੰਦ ਨੇ ਆਰਤੀਆਂ ਮੁੜ ਸ਼ੁਰੂ ਕਰਵਾਈਆਂ ਅਤੇ ਉਸ ਸਮੇਂ ਦੇ ਰਾਜਿਆਂ ਨੂੰ ਸਰਬ-ਸਾਂਝੀਵਾਲਤਾ ਦਾ ਉਪਦੇਸ਼ ਦਿੱਤਾ। ਇਸ ਮਗਰੋਂ ਬਾਰਠ ਸਾਹਿਬ, ਜੋ ਗੁਰਦਾਸਪੁਰ ਤੋਂ ਤਕਰੀਬਨ 22-23 ਕਿਲੋਮੀਟਰ ਦੀ ਦੂਰੀ 'ਤੇ ਪਠਾਨਕੋਟ ਮੁੱਖ ਸੜਕ ਦੇ ਸੱਜੇ ਪਾਸੇ ਵੱਲ ਸਥਿਤ ਹੈ, ਵਿੱਚ ਬਾਬਾ ਜੀ ਨੇ ਲਗਪਗ 62 ਸਾਲ ਤਪੱਸਿਆ ਕੀਤੀ। ਇਥੇ ਹੀ ਗੁਰੂ ਅਮਰਦਾਸ ਜੀ, ਗੁਰੂ ਰਾਮਦਾਸ ਜੀ, ਗੁਰੂ ਅਰਜਨ ਦੇਵ ਜੀ ਅਤੇ ਗੁਰੂ ਹਰਿਗੋਬਿੰਦ ਸਾਹਿਬ ਉਨ੍ਹਾਂ ਦੇ ਦਰਸ਼ਨਾਂ ਲਈ ਆਏ। ਇਸੇ ਸਥਾਨ 'ਤੇ ਗੁਰੂ ਹਰਿਗੋਬਿੰਦ ਸਾਹਿਬ ਨੇ ਆਪਣੇ ਵੱਡੇ ਪੁੱਤਰ ਬਾਬਾ ਗੁਰਦਿੱਤਾ ਜੀ ਨੂੰ ਉਨ੍ਹਾਂ ਦੇ ਚਰਨਾਂ ਵਿਚ ਭੇਟ ਕੀਤਾ। ਉਸ ਸਮੇਂ ਦਾ ਮੁਗਲ ਬਾਦਸ਼ਾਹ ਜਹਾਂਗੀਰ ਵੀ ਬਾਬਾ ਸ੍ਰੀ ਚੰਦ ਜੀ ਦੇ ਦਰਸ਼ਨਾਂ ਲਈ ਇੱਥੇ ਪਹੁੰਚਿਆ ਸੀ।



ਅੱਜ ਵੀ ਬਾਰਠ ਸਾਹਿਬ ਦੇ ਅਸਥਾਨ 'ਤੇ ਸੰਗਤ ਦੀ ਵੱਡੀ ਸ਼ਰਧਾ ਹੈ। ਦੇਸ਼-ਵਿਦੇਸ਼ ਤੋਂ ਵੱਡੀ ਗਿਣਤੀ ਵਿੱਚ ਸੰਗਤ ਨਤਮਸਤਕ ਹੋਣ ਲਈ ਇੱਥੇ ਪਹੁੰਚਦੀ ਹੈ। ਲੋਕਾਂ ਦਾ ਵਿਸ਼ਵਾਸ ਹੈ ਕਿ ਇੱਥੇ ਸਾਰੀਆਂ ਮਨੋਕਾਮਨਾਵਾਂ ਪੂਰੀਆਂ ਹੁੰਦੀਆਂ ਹਨ। ਖਾਸ ਕਰਕੇ ਸੰਗਰਾਂਦ ਵਾਲੇ ਦਿਨ ਇੱਥੇ ਭਾਰੀ ਜੋੜ ਮੇਲਾ ਲੱਗਦਾ ਹੈ।

ਬਾਬਾ ਜੀ ਨੇ ਧਰਮ ਪ੍ਰਚਾਰ ਅਤੇ ਸਰਬ-ਸਾਂਝੀਵਾਲਤਾ ਦਾ ਪ੍ਰਚਾਰ ਕਰਨ ਲਈ ਉਦੋਂ ਬਾਬਾ ਗੁਰਦਿੱਤਾ ਜੀ, ਬਾਬਾ ਧਰਮ ਚੰਦ ਜੀ, ਬਾਬਾ ਬਾਲ ਰਾਏ ਜੀ, ਬਾਬਾ ਬੜਤੂ ਜੀ ਅਤੇ ਭਗਤ ਭਗਵਾਨ ਜੀ ਨੂੰ ਉਪਦੇਸ਼ ਦੇ ਕੇ ਵੱਖ-ਵੱਖ ਦਿਸ਼ਾਵਾਂ ਵੱਲ ਤੋਰਿਆ। ਇਨ੍ਹਾਂ ਰਾਹੀਂ ਅੱਗੇ ਉਦਾਸੀਨ ਸੰਪ੍ਰਦਾਇ ਦਾ ਵਿਸਥਾਰ ਹੋਇਆ। ਅੱਜ ਲੱਖਾਂ ਸ਼ਰਧਾਲੂ ਦੇਸ਼ਾਂ-ਵਿਦੇਸ਼ਾਂ 'ਚ ਇਸ ਸੰਪ੍ਰਦਾਇ ਦਾ ਪ੍ਰਚਾਰ ਕਰ ਰਹੇ ਹਨ। ਧਰਮ ਦਾ ਪ੍ਰਚਾਰ ਕਰਦਿਆਂ ਬਾਬਾ ਸ੍ਰੀ ਚੰਦ ਜੀ ਨੇ ਲਿਖਿਆ:

ਇਸ ਦਾ ਭਾਵ ਇਹ ਹੈ ਕਿ ਜਿਨ੍ਹਾਂ ਸਾਧੂਆਂ ਨੇ ਕਾਲੇ, ਚਿੱਟੇ, ਪੀਲੇ ਜਾਂ ਲਾਲ ਵਸਤਰ ਪਹਿਨੇ ਹੋਏ ਹਨ, ਉਹ ਸਾਰੇ ਸਾਡੇ ਗੁਰ-ਭਾਈ ਹਨ। ਭਾਵੇਂ ਉਹ ਕਿਸੇ ਵੀ ਧਰਮ ਨਾਲ ਸਬੰਧਤ ਹੋਣ, ਕਿਉਂਕਿ ਉਹ ਸਾਰੇ ਧਰਮ ਦੇ ਨਾਲ-ਨਾਲ ਨਾਮ-ਸਿਮਰਨ ਦਾ ਪ੍ਰਚਾਰ ਕਰਦੇ ਹਨ।

ਕਿਹਾ ਜਾਂਦਾ ਹੈ ਕਿ ਧਰਮ ਦਾ ਪ੍ਰਚਾਰ ਕਰਦੇ ਹੋਏ ਬਾਬਾ ਸ੍ਰੀ ਚੰਦ ਜੀ ਚੰਬਾ (ਹਿਮਾਚਲ ਪ੍ਰਦੇਸ਼) ਗਏ। ਉੱਥੇ ਕੁਝ ਸਮਾਂ ਠਹਿਰਨ ਤੋਂ ਬਾਅਦ ਉਹ ਇਰਾਵਤੀ ਨਦੀ ਪਾਰ ਕਰਕੇ ਕੈਲਾਸ਼ ਪਰਬਤ 'ਤੇ ਚਲੇ ਗਏ। ਅੱਜ ਉਨ੍ਹਾਂ ਵੱਲੋਂ ਚਲਾਈ ਗਈ ਸੰਪਰਦਾ ਨੂੰ ਪੂਰੀ ਦੁਨੀਆ ਵਿੱਚ 'ਉਦਾਸੀਨ ਭੇਖ ਮਹਾਂ ਮੰਡਲ' ਵਜੋਂ ਜਾਣਿਆ ਜਾਂਦਾ ਹੈ।\

ਦੇਸ਼ ਤੋਂ ਇਲਾਵਾ ਕਈ ਹੋਰ ਮੁਲਕਾਂ ਵਿੱਚ ਵੀ ਉਨ੍ਹਾਂ ਦੇ ਉਦਾਸੀਨ ਡੇਰੇ ਕਾਇਮ ਹਨ, ਜਿੱਥੇ ਉਨ੍ਹਾਂ ਦੇ ਪੈਰੋਕਾਰ ਉਦਾਸੀਨ ਭੇਖ ਵਿੱਚ ਰਹਿ ਕੇ ਧਰਮ ਦਾ ਪ੍ਰਚਾਰ ਕਰਦੇ ਹਨ। ਬੀਤੇ ਦਿਨੀਂ ਦੇਸ਼-ਵਿਦੇਸ਼ ਵਿੱਚ ਉਨ੍ਹਾਂ ਦਾ 531ਵਾਂ ਪ੍ਰਕਾਸ਼ ਦਿਹਾੜਾ ਬੜੀ ਸ਼ਰਧਾ ਤੇ ਪਿਆਰ ਨਾਲ ਮਨਾਇਆ ਗਿਆ ਹੈ।

ਬਾਬਾ ਸ੍ਰੀ ਚੰਦ ਜੀ ਨੇ ਆਪਣੇ ਜੀਵਨ ਕਾਲ ਵਿੱਚ ਸੇਵਾ, ਸਿਮਰਨ ਅਤੇ ਸਾਂਝੀਵਾਲਤਾ ਦੇ ਸਿਧਾਂਤਾਂ 'ਤੇ ਜ਼ੋਰ ਦਿੱਤਾ। ਉਨ੍ਹਾਂ ਦਾ ਉਪਦੇਸ਼ ਸੀ ਕਿ ਹਰ ਮਨੁੱਖ ਨੂੰ ਆਪਣੇ ਮਨ ਨੂੰ ਵਿਕਾਰਾਂ ਤੋਂ ਮੁਕਤ ਕਰਕੇ ਪ੍ਰਮਾਤਮਾ ਨਾਲ ਜੁੜਨਾ ਚਾਹੀਦਾ ਹੈ। ਉਨ੍ਹਾਂ ਨੇ ਆਪਣੇ ਸ਼ਰਧਾਲੂਆਂ ਨੂੰ ਤਿਆਗ, ਨਿਮਰਤਾ ਅਤੇ ਸਬਰ ਦਾ ਪਾਠ ਪੜ੍ਹਾਇਆ। ਇਸ ਸੰਪ੍ਰਦਾਇ ਦਾ ਮੁੱਖ ਮਕਸਦ ਲੋਕਾਂ ਨੂੰ ਆਤਮ-ਗਿਆਨ ਵੱਲ ਪ੍ਰੇਰਿਤ ਕਰਨਾ ਅਤੇ ਉਨ੍ਹਾਂ ਨੂੰ ਸੱਚੀ ਸ਼ਾਂਤੀ ਦਾ ਮਾਰਗ ਦਿਖਾਉਣਾ ਹੈ। ਅੱਜ ਵੀ ਉਦਾਸੀਨ ਸੰਪ੍ਰਦਾਇ ਦੇ ਡੇਰੇ ਗਿਆਨ, ਭਗਤੀ ਅਤੇ ਸੇਵਾ ਦੇ ਕੇਂਦਰ ਬਣੇ ਹੋਏ ਹਨ।

ਬਾਬਾ ਸ੍ਰੀ ਚੰਦ ਜੀ ਨੇ ਵੱਖ-ਵੱਖ ਧਰਮਾਂ ਅਤੇ ਫਿਰਕਿਆਂ ਦੇ ਲੋਕਾਂ ਨੂੰ ਇਕਜੁੱਟ ਹੋ ਕੇ ਰਹਿਣ ਦੀ ਸਿੱਖਿਆ ਦਿੱਤੀ। ਉਨ੍ਹਾਂ ਨੇ ਆਪਣੇ ਜੀਵਨ ਕਾਲ ਦੌਰਾਨ ਸਿੱਖਾਂ ਦੇ ਨਾਲ-ਨਾਲ ਹਿੰਦੂਆਂ, ਮੁਸਲਮਾਨਾਂ ਅਤੇ ਹੋਰ ਭਾਈਚਾਰਿਆਂ ਨਾਲ ਵੀ ਚੰਗੇ ਸਬੰਧ ਬਣਾਈ ਰੱਖੇ। ਉਹ ਹਮੇਸ਼ਾ ਸਹਿਣਸ਼ੀਲਤਾ ਅਤੇ ਸਦਭਾਵਨਾ ਦਾ ਪ੍ਰਚਾਰ ਕਰਦੇ ਸਨ।

# ਭਗਵੰਤ ਸਿੰਘ ਮਾਨ ਨੇ ਵੱਡੀ ਮਿਹਨਤ ਨਾਲ ਪੰਜਾਬ ਨੂੰ ਕਾਲੇ ਦੌਰ ਵਿੱਚੋਂ ਕੱਢਿਆ; ਹੁਣ ਸਾਨੂੰ ਚੰਗੇ ਕੰਮਾਂ ਰੁਕਣਾ ਨਹੀਂ ਦੇਣਾ ਚਾਹੀਦਾ: ਅਰਵਿੰਦ ਕੇਜਰੀਵਾਲ

**ਮੋਹਾਲੀ, 15 ਜੂਨ**
**ਸ਼.ਅ.ਬਿਓਰੋ-**

ਨਗਰ ਨਿਗਮ ਚੋਣਾਂ ਵਿੱਚ ਆਮ ਆਦਮੀ ਪਾਰਟੀ ਦੀ ਸ਼ਾਨਦਾਰ ਜਿੱਤ ਲਈ ਪੰਜਾਬ ਦੇ ਲੋਕਾਂ ਦਾ ਧੰਨਵਾਦ ਕਰਦਿਆਂ @ਆਪ@ ਦੇ ਕੌਮੀ ਕਨਵੀਨਰ ਅਰਵਿੰਦ ਕੇਜਰੀਵਾਲ ਅਤੇ ਮੁੱਖ ਮੰਤਰੀ ਭਗਵੰਤ ਸਿੰਘ ਮਾਨ ਨੇ ਐਤਵਾਰ ਨੂੰ ਮੋਹਾਲੀ ਵਿੱਚ ਇੱਕ ਮੈਗਾ ਰੋਡ ਸ਼ੋਅ ਦੌਰਾਨ ਵਿਸ਼ਾਲ ਇਕੱਠ ਨੂੰ ਸੰਬੋਧਨ ਕੀਤਾ। ਅਰਵਿੰਦ ਕੇਜਰੀਵਾਲ ਨੇ ਕਿਹਾ ਕਿ ਸ਼੍ਰੋਮਣੀ ਅਕਾਲੀ ਦਲ, ਭਾਜਪਾ ਅਤੇ ਕਾਂਗਰਸ ਦੇ ਸ਼ਾਸਨਕਾਲ ਦੌਰਾਨ ਪੰਜਾਬ ਨੂੰ ਬਰਬਾਦੀ ਵੱਲ ਧੱਕ ਦਿੱਤਾ ਗਿਆ ਸੀ, ਉਦੋਂ ਪੂਰੇ ਸੂਬੇ ਵਿੱਚ ਨਸ਼ੇ ਫੈਲ ਗਏ ਸਨ ਅਤੇ ਪੰਜਾਬ ਉੱਤੇ ਇੱਕ ਕਾਲਾ ਦੌਰ ਛਾ ਗਿਆ ਸੀ। ਉਨ੍ਹਾਂ ਦਾਅਵਾ ਕੀਤਾ ਕਿ ਮੁੱਖ ਮੰਤਰੀ ਭਗਵੰਤ ਸਿੰਘ ਮਾਨ ਨੇ ਪੰਜਾਬ ਨੂੰ ਉਸ ਮੁਸ਼ਕਲ ਦੌਰ ਵਿੱਚੋਂ ਕੱਢ ਕੇ ਮੁੜ ਤਰੱਕੀ ਦੇ ਰਾਹ @ਤੇ ਪਾਉਣ ਲਈ ਦਿਨ-ਰਾਤ ਮਿਹਨਤ ਕੀਤੀ ਹੈ।

ਲੋਕਾਂ ਨੂੰ ਇਸ ਬਦਲਾਅ ਨੂੰ ਹੋਰ ਮਜ਼ਬੂਤ ਕਰਨ ਦੀ ਅਪੀਲ ਕਰਦਿਆਂ ਅਰਵਿੰਦ ਕੇਜਰੀਵਾਲ ਨੇ ਕਿਹਾ ਕਿ ਪੰਜਾਬ ਨੂੰ ਭਗਵੰਤ ਮਾਨ ਸਰਕਾਰ ਵੱਲੋਂ ਕੀਤੇ ਜਾ ਰਹੇ ਚੰਗੇ ਕੰਮਾਂ ਨੂੰ ਰੁਕਣ ਨਹੀਂ ਦੇਣਾ ਚਾਹੀਦਾ। ਉਨ੍ਹਾਂ ਅੱਗੇ ਕਿਹਾ ਕਿ ਪੰਜਾਬ ਦੇ ਇਤਿਹਾਸ ਵਿੱਚ ਕਿਸੇ ਵੀ ਸਰਕਾਰ ਨੂੰ ਸਾਢੇ ਚਾਰ ਸਾਲ ਦਾ ਕਾਰਜਕਾਲ ਪੂਰਾ ਹੋਣ ਤੋਂ ਬਾਅਦ ਇੰਨਾ ਪਿਆਰ ਅਤੇ ਜਨਤਾ ਦਾ ਸਮਰਥਨ ਨਹੀਂ ਮਿਲਿਆ, ਜਿੰਨਾ ਅੱਜ @ਆਪ@ ਸਰਕਾਰ ਨੂੰ ਮਿਲ ਰਿਹਾ ਹੈ। ਪਿਛਲੀਆਂ ਸਰਕਾਰਾਂ ਨਾਲ ਇਸ ਦੀ ਤੁਲਨਾ ਕਰਦਿਆਂ ਉਨ੍ਹਾਂ ਕਿਹਾ ਕਿ ਉਹ ਸਰਕਾਰਾਂ ਲੋਕਾਂ ਦਾ ਭਰੋਸਾ ਇਸ ਹੱਦ ਤੱਕ ਗੁਆ ਚੁੱਕੀਆਂ ਸਨ ਕਿ ਸੱਤਾ ਵਿੱਚ ਇੰਨਾ ਸਮਾਂ ਬੀਤਣ ਤੋਂ ਬਾਅਦ ਲੋਕ ਆਪਣੇ ਆਗੂਆਂ ਨੂੰ ਪਿੰਡਾਂ ਵਿੱਚ ਵੜਨ ਤੱਕ ਨਹੀਂ ਦਿੰਦੇ ਸਨ।

ਰੋਡ ਸ਼ੋਅ ਦੌਰਾਨ ਵਿਸ਼ਾਲ ਇਕੱਠ ਨੂੰ ਸੰਬੋਧਨ ਕਰਦਿਆਂ 'ਆਪ' ਦੇ ਕੌਮੀ ਕਨਵੀਨਰ ਅਰਵਿੰਦ ਕੇਜਰੀਵਾਲ ਨੇ ਕਿਹਾ, ÷ਮੋਹਾਲੀ ਦੇ ਲੋਕਾਂ ਨੇ ਨਗਰ ਨਿਗਮ ਚੋਣਾਂ ਵਿੱਚ ਆਮ ਆਦਮੀ ਪਾਰਟੀ ਨੂੰ ਜ਼ਬਰਦਸਤ ਜਿੱਤ ਦਿਵਾਈ ਹੈ। ਮੈਂ ਦਿੱਲੀ ਤੋਂ ਖਾਸ ਤੌਰ @ਤੇ ਇੱਥੇ ਤੁਹਾਡੇ ਸਾਰਿਆਂ ਦਾ ਧੰਨਵਾਦ ਕਰਨ ਆਇਆ ਹਾਂ, ਜਿਸ ਤਰ੍ਹਾਂ ਤੁਸੀਂ ਆਮ ਆਦਮੀ ਪਾਰਟੀ ਦੇ ਕੰਮਾਂ @ਤੇ ਮੋਹਰ ਲਗਾਈ ਹੈ।÷

ਸਰਕਾਰ ਨੂੰ ਮਿਲੇ ਜਨਤਕ ਸਮਰਥਨ ਦਾ ਜ਼ਿਕਰ ਕਰਦਿਆਂ ਉਨ੍ਹਾਂ ਕਿਹਾ, ÷ਸਾਡੀ ਸਰਕਾਰ ਨੂੰ ਸੱਤਾ ਵਿੱਚ ਆਇਆਂ ਕਰੀਬ ਸਾਢੇ ਚਾਰ ਸਾਲ ਹੋ ਗਏ ਹਨ। ਪੰਜਾਬ ਵਿੱਚ ਪਹਿਲਾਂ ਕਦੇ ਵੀ ਕਿਸੇ ਪਾਰਟੀ ਨੂੰ ਚਾਰ ਸਾਲ ਦੇ ਕਾਰਜਕਾਲ ਤੋਂ ਬਾਅਦ ਇੰਨਾ ਪਿਆਰ ਨਹੀਂ ਮਿਲਿਆ। ਇਸ ਤੋਂ ਪਹਿਲਾਂ ਕਾਂਗਰਸ ਦੀਆਂ ਸਰਕਾਰਾਂ, ਭਾਜਪਾ ਦੀਆਂ ਸਰਕਾਰਾਂ ਅਤੇ ਅਕਾਲੀ ਦਲ ਦੀਆਂ ਸਰਕਾਰਾਂ ਰਹੀਆਂ ਹਨ। ਜਦੋਂ ਉਹ ਸੱਤਾ ਵਿੱਚ ਤਿੰਨ ਜਾਂ ਚਾਰ ਸਾਲ ਪੂਰੇ ਕਰਦੇ ਸਨ ਤਾਂ ਲੋਕ ਉਨ੍ਹਾਂ ਨੂੰ ਪਿੰਡਾਂ ਵਿੱਚ ਵੜਨ ਵੀ ਨਹੀਂ ਦਿੰਦੇ ਸਨ। ਜਦੋਂ ਉਹ ਜਨਤਾ ਦੇ ਵਿਚਕਾਰ ਜਾਂਦੇ ਸਨ ਤਾਂ ਲੋਕ ਉਨ੍ਹਾਂ ਨੂੰ ਮਾਰਨ ਲਈ ਹੱਥਾਂ ਵਿੱਚ ਜੁੱਤੀਆਂ ਲੈ ਕੇ ਖੜ੍ਹੇ ਹੁੰਦੇ ਸਨ।÷

ਸਰਕਾਰ ਦੀਆਂ ਪ੍ਰਾਪਤੀਆਂ ਦਾ ਜ਼ਿਕਰ ਕਰਦਿਆਂ ਅਰਵਿੰਦ ਕੇਜਰੀਵਾਲ ਨੇ ਦਾਅਵਾ ਕੀਤਾ, ÷ਪਿਛਲੇ ਚਾਰ ਸਾਲਾਂ ਵਿੱਚ ਆਮ ਆਦਮੀ ਪਾਰਟੀ ਨੇ ਤੁਹਾਡੇ ਲਈ ਬਹੁਤ ਕੁਝ ਕੀਤਾ ਹੈ। ਬਿਜਲੀ ਮੁਫ਼ਤ ਕਰ ਦਿੱਤੀ ਗਈ ਹੈ। ਆਮ ਆਦਮੀ ਕਲੀਨਿਕ ਸਥਾਪਿਤ ਕੀਤੇ ਗਏ ਹਨ। 10 ਲੱਖ ਰੁਪਏ ਦਾ ਸਿਹਤ ਬੀਮਾ ਕਵਰ ਦਿੱਤਾ ਗਿਆ ਹੈ। ਔਰਤਾਂ ਨੂੰ ਹੁਣ ਉਨ੍ਹਾਂ ਦੇ ਬੈਂਕ ਖਾਤਿਆਂ ਵਿੱਚ 1,000 ਅਤੇ 1,500 ਰੁਪਏ ਮਿਲਣੇ ਸ਼ੁਰੂ ਹੋ ਜਾਣਗੇ। ਪੂਰੇ ਪੰਜਾਬ ਵਿੱਚ ਸੜਕਾਂ ਬਣ ਰਹੀਆਂ ਹਨ। ਪਿੰਡਾਂ ਵਿੱਚ ਨਹਿਰੀ ਸੂਇਆਂ ਤੱਕ ਪਾਣੀ ਪਹੁੰਚਣਾ ਸ਼ੁਰੂ ਹੋ ਗਿਆ ਹੈ। ਪਿੰਡਾਂ ਦੇ ਕਿਸਾਨਾਂ ਨੂੰ ਹੁਣ ਦਿਨ ਵੇਲੇ ਬਿਜਲੀ ਮਿਲ ਰਹੀ ਹੈ। ਕੰਮਾਂ ਦੀ ਸੂਚੀ ਬਹੁਤ ਲੰਮੀ ਹੈ। ਲੋਕ ਬਹੁਤ ਖੁਸ਼ ਹਨ।÷

ਉਨ੍ਹਾਂ ਅੱਗੇ ਕਿਹਾ, ÷ਜਦੋਂ ਅਸੀਂ ਰੋਡ ਸ਼ੋਅ ਦੌਰਾਨ ਇੱਥੇ ਆ ਰਹੇ ਸੀ, ਮੈਂ ਲੋਕਾਂ ਦੇ ਹਾਵ-ਭਾਵ ਦੇਖ ਰਿਹਾ ਸੀ। ਉਹ ਸਾਨੂੰ ਦੇਖ ਕੇ ਬਹੁਤ ਖੁਸ਼ ਸਨ। ਇਹ ਇੱਕ ਬਹੁਤ ਵੱਡੀ ਗੱਲ ਹੈ ਕਿ ਸਰਕਾਰ ਵਿੱਚ ਚਾਰ ਸਾਲ ਰਹਿਣ ਤੋਂ ਬਾਅਦ ਵੀ ਲੋਕ ਆਪਣੇ ਆਗੂਆਂ ਨੂੰ ਦੇਖ ਕੇ ਇੰਨੇ ਖੁਸ਼ ਹਨ।÷

ਅਗਲੀ ਚੋਣ ਲਈ ਸਮਰਥਨ ਦੀ ਮੰਗ ਕਰਦਿਆਂ @ਆਪ@ ਮੁਖੀ ਨੇ ਕਿਹਾ, ÷ਹੁਣ ਸਾਡੇ ਕੋਲ ਸਿਰਫ਼ ਇੱਕ ਹੀ ਕੰਮ ਬਾਕੀ ਹੈ। ਅਸੀਂ ਪੰਜ ਸਾਲਾਂ ਵਿੱਚ ਬਹੁਤ ਕੰਮ ਕੀਤਾ ਹੈ, ਪਰ ਅਜੇ ਵੀ ਬਹੁਤ ਸਾਰਾ ਕੰਮ ਕਰਨਾ ਬਾਕੀ ਹੈ। ਸਾਨੂੰ ਭਗਵੰਤ ਮਾਨ ਨੂੰ ਫਿਰ ਤੋਂ ਮੁੱਖ ਮੰਤਰੀ ਬਣਾਉਣਾ ਪਵੇਗਾ।

ਲੋਕਾਂ ਨੂੰ ਆਪਣੇ ਇਲਾਕਿਆਂ ਵਿੱਚ ਪ੍ਰਚਾਰ ਕਰਨ ਦੀ ਅਪੀਲ ਕਰਦਿਆਂ ਉਨ੍ਹਾਂ ਕਿਹਾ, ÷ਤੁਹਾਨੂੰ ਆਪਣੀਆਂ ਗਲੀਆਂ, ਮੁਹੱਲਿਆਂ ਅਤੇ ਪਿੰਡਾਂ ਵਿੱਚ ਜਾ ਕੇ ਸਾਰਿਆਂ ਨੂੰ ਦੱਸਣਾ ਚਾਹੀਦਾ ਹੈ ਕਿ ਇਸ ਵਾਰ ਭਗਵੰਤ ਮਾਨ ਨੂੰ ਫਿਰ ਤੋਂ ਭਾਰੀ ਬਹੁਮਤ ਨਾਲ ਮੁੱਖ ਮੰਤਰੀ ਬਣਾਉਣਾ ਹੈ। ਸਾਨੂੰ ਇੱਕ ਵੱਡਾ ਫਤਵਾ ਹਾਸਲ ਕਰਨਾ ਹੋਵੇਗਾ। ਬਾਕੀ ਰਹਿੰਦੇ



ਕੰਮਾਂ ਨੂੰ ਵੀ ਪੂਰਾ ਕਰਨਾ ਹੋਵੇਗਾ।

ਮੌਜੂਦਾ ਸਰਕਾਰ ਦੀ ਪਿਛਲੀਆਂ ਸਰਕਾਰਾਂ ਨਾਲ ਤੁਲਨਾ ਕਰਦਿਆਂ ਅਰਵਿੰਦ ਕੇਜਰੀਵਾਲ ਨੇ ਜ਼ੋਰ ਦੇ ਕੇ ਕਿਹਾ, ÷ਉਨ੍ਹਾਂ ਦੀਆਂ ਸਰਕਾਰਾਂ ਦੌਰਾਨ ਪੂਰੇ ਪੰਜਾਬ ਵਿੱਚ ਨਸ਼ੇ ਵਿਕ ਰਹੇ ਸਨ। ਉਨ੍ਹਾਂ ਦੇ ਰਾਜ ਵਿੱਚ ਪੰਜਾਬ ਬਰਬਾਦੀ ਵੱਲ ਵਧ ਰਿਹਾ ਸੀ। ਪੰਜਾਬ ਇੱਕ ਕਾਲੇ ਦੌਰ ਵਿੱਚ ਦਾਖਲ ਹੋ ਚੁੱਕਾ ਸੀ। ਇਹ ਕੇਵਲ ਗੁਰੂ ਸਾਹਿਬ ਦੀ ਕਿਰਪਾ ਅਤੇ ਅਸ਼ੀਰਵਾਦ ਸਦਕਾ ਹੀ ਸੀ ਕਿ ਆਮ ਆਦਮੀ ਪਾਰਟੀ ਦੀ ਸਰਕਾਰ ਬਣੀ ਅਤੇ ਪੰਜਾਬ ਨੂੰ ਭਗਵੰਤ ਮਾਨ ਵਰਗਾ ਮੁੱਖ ਮੰਤਰੀ ਮਿਲਿਆ। ਹੁਣ ਚੰਗੇ ਕੰਮ ਸ਼ੁਰੂ ਹੋ ਗਏ ਹਨ। ਇਹ ਰੁਕਣੇ ਨਹੀਂ ਚਾਹੀਦੇ। ਤੁਸੀਂ ਇੱਕ ਵਾਰ ਫਿਰ ਭਗਵੰਤ ਮਾਨ ਨੂੰ ਭਾਰੀ ਬਹੁਮਤ ਨਾਲ ਮੁੱਖ ਮੰਤਰੀ ਬਣਾਉਣਾ ਹੈ। ਉਨ੍ਹਾਂ ਨੂੰ ਆਪਣਾ ਅਸ਼ੀਰਵਾਦ ਅਤੇ ਆਪਣਾ ਪਿਆਰ ਦਿਓ, ਜਿਵੇਂ ਤੁਸੀਂ ਹਮੇਸ਼ਾ ਦਿੰਦੇ ਆਏ ਹੋ।

ਸਰਬਜੀਤ ਸਿੰਘ ਨੂੰ ਮੇਅਰ ਬਣਨ @ਤੇ ਵਧਾਈ ਦਿੰਦਿਆਂ ਮੁੱਖ ਮੰਤਰੀ ਭਗਵੰਤ ਸਿੰਘ ਮਾਨ ਨੇ ਕਿਹਾ, ÷ਸਰਬਜੀਤ ਸਿੰਘ ਲੋਕਾਂ ਦੀ ਸੇਵਾ ਲਈ ਹਮੇਸ਼ਾ ਤਿਆਰ ਰਹਿੰਦੇ ਹਨ। ਮੈਂ ਉਨ੍ਹਾਂ ਨੂੰ ਵਧਾਈ ਦਿੰਦਾ ਹਾਂ ਅਤੇ ਜਨਤਕ ਸੇਵਾ ਪ੍ਰਤੀ ਉਨ੍ਹਾਂ ਦੀ ਵਚਨਬੱਧਤਾ ਲਈ ਧੰਨਵਾਦ ਕਰਦਾ ਹਾਂ। ਮੈਨੂੰ ਵਿਸ਼ਵਾਸ ਹੈ ਕਿ ਉਹ ਆਪਣੇ ਪਿਤਾ ਦੇ ਨਕਸ਼ੇ-ਕਦਮਾਂ @ਤੇ ਚੱਲਣਗੇ ਅਤੇ ਸਮਰਪਣ ਭਾਵਨਾ ਨਾਲ ਲੋਕਾਂ ਦੀ ਸੇਵਾ ਕਰਦੇ ਰਹਿਣਗੇ।

ਮੁੱਖ ਮੰਤਰੀ ਨੇ ਕਿਹਾ ਕਿ ਲੋਕਾਂ ਵੱਲੋਂ ਦਿੱਤੇ ਜਾ ਰਹੇ ਪਿਆਰ ਨੂੰ ਦੁਨੀਆ ਦੀ ਕਿਸੇ ਵੀ ਕਰੰਸੀ ਨਾਲ ਨਹੀਂ ਮਾਪਿਆ ਜਾ ਸਕਦਾ। ਉਨ੍ਹਾਂ ਕਿਹਾ, ÷ਅਸੀਂ ਸੂਬੇ ਭਰ ਵਿੱਚ ਜਿੱਥੇ ਵੀ ਜਾਂਦੇ ਹਾਂ, ਸਾਨੂੰ ਲੋਕਾਂ ਵੱਲੋਂ ਬਹੁਤ ਪਿਆਰ ਅਤੇ ਸਮਰਥਨ ਮਿਲ ਰਿਹਾ ਹੈ। ਦੁਕਾਨਦਾਰ ਆਪਣੇ ਕਾਰੋਬਾਰਾਂ ਵਿੱਚ ਅਤੇ ਕਿਸਾਨ ਆਪਣੀਆਂ ਫਸਲਾਂ ਬੀਜਣ ਵਿੱਚ ਰੁੱਝੇ ਹੋਏ ਹਨ, ਫਿਰ ਵੀ ਵੱਡੀ ਗਿਣਤੀ ਲੋਕ ਆਪਣਾ ਸਮਰਥਨ ਦਿਖਾਉਣ ਲਈ ਆ ਰਹੇ ਹਨ। ਮੈਂ ਇਸ ਪਿਆਰ ਲਈ ਤਹਿ ਦਿਲੋਂ ਧੰਨਵਾਦੀ ਹਾਂ। ਇੱਕ ਪਾਸੇ ਸਾਡੇ ਲਈ ਲੋਕਾਂ ਦਾ ਪਿਆਰ ਦਿਨੋਂ-ਦਿਨ ਵੱਧ ਰਿਹਾ ਹੈ ਅਤੇ ਦੂਜੇ ਪਾਸੇ ਲੋਕਾਂ ਨਾਲ ਧ੍ਰੋਹ ਕਮਾਉਣ ਵਾਲੇ ਰਾਜਨੀਤਿਕ ਨੇਤਾਵਾਂ ਪ੍ਰਤੀ ਲੋਕਾਂ ਦਾ ਵਿਸ਼ਵਾਸ ਟੁੱਟ ਰਿਹਾ ਹੈ।

ਮੁੱਖ ਮੰਤਰੀ ਭਗਵੰਤ ਸਿੰਘ ਮਾਨ ਨੇ ਕਿਹਾ ਕਿ ਰਵਾਇਤੀ ਰਾਜਨੀਤਿਕ ਪਾਰਟੀਆਂ ਨੇ ਇੱਕ ਦੂਜੇ ਦੇ ਹਿੱਤਾਂ ਦੀ ਰੱਖਿਆ ਕਰਦਿਆਂ ਦਹਾਕਿਆਂ ਤੱਕ ਪੰਜਾਬ @ਤੇ ਰਾਜ ਕੀਤਾ ਹੈ। ਉਨ੍ਹਾਂ ਕਿਹਾ, ਸਾਲਾਂ ਤੱਕ, ਇਨ੍ਹਾਂ ਪਾਰਟੀਆਂ ਨੇ ਪੰਜਾਬ ਨੂੰ ਲੁੱਟਿਆ ਅਤੇ ਅਜਿਹੀ ਤਰੀਕੇ ਰਾਹੀਂ ਕੰਮ ਕੀਤਾ, ਜਿਸ ਨਾਲ ਇਹ ਯਕੀਨੀ ਬਣਾਇਆ ਗਿਆ ਕਿ ਸੱਤਾ ਉਨ੍ਹਾਂ ਦੇ ਦਾਇਰੇ ਵਿੱਚ ਹੀ ਰਹੇ। ਪਹਿਲਾਂ ਲੋਕਾਂ ਸਾਹਮਣੇ ਸਿਰਫ਼ ਦੋ ਪਾਰਟੀਆਂ ਦੇ ਵਿਕਲਪ ਸਨ ਅਤੇ ਦੋਵਾਂ ਨੇ ਸੱਤਾ ਹਾਸਲ ਕਰਕੇ ਵਾਰੀ ਵਾਰੀ ਪੰਜਾਬ ਨੂੰ ਲੁੱਟਿਆ। ਉਹਨਾਂ ਨੇ ਲੋਕਾਂ ਦੀ ਪਿੱਠ ਵਿੱਚ ਛੁਰਾ ਮਾਰਿਆ ਅਤੇ ਪੰਜਾਬ ਦੀ ਦੌਲਤ ਨੂੰ ਲੁੱਟਿਆ। ਅੱਜ ਲੋਕ ਝਾੜੂ ਦਾ ਸਮਰਥਨ ਕਰ ਰਹੇ ਹਨ, ਜੋ ਸੂਬੇ ਦੇ ਰਾਜਨੀਤਿਕ ਸਿਸਟਮ ਨੂੰ ਸਾਫ਼ ਕਰ ਰਿਹਾ ਹੈ।

ਬਦਲ ਰਹੇ ਸਿਆਸੀ ਮਾਹੌਲ ਬਾਰੇ ਗੱਲ ਕਰਦਿਆਂ ਮੁੱਖ ਮੰਤਰੀ ਨੇ ਕਿਹਾ, ਅੱਜ ਨਾ ਤਾਂ ਸੁਖਬੀਰ ਸਿੰਘ ਬਾਦਲ, ਨਾ ਅਮਰਿੰਦਰ ਸਿੰਘ ਰਾਜਾ ਵੜਿੰਗ ਅਤੇ ਨਾ ਹੀ ਪ੍ਰਤਾਪ ਸਿੰਘ ਬਾਜਵਾ ਲੋਕਾਂ ਵਿੱਚ ਦਿਖਾਈ ਦੇ ਰਹੇ ਹਨ ਕਿਉਂਕਿ ਪੰਜਾਬ ਦੇ ਲੋਕ ਸੂਬਾ ਸਰਕਾਰ ਦੇ ਮੋਢੇ ਨਾਲ ਮੋਢਾ ਜੋੜ ਕੇ ਮਜ਼ਬੂਤੀ ਨਾਲ ਖੜ੍ਹੇ ਹਨ। ਲੋਕਾਂ ਨੇ ਵਾਰ-ਵਾਰ ਆਪਣਾ ਸਮਰਥਨ ਪ੍ਰਗਟ ਕੀਤਾ ਹੈ ਅਤੇ ਵਿਰੋਧੀ ਧਿਰ ਨੂੰ ਰਾਜਨੀਤਿਕ ਤੌਰ @ਤੇ ਨੁਕਸਾਨ ਝੱਲਣਾ ਪਿਆ ਹੈ ਕਿਉਂਕਿ ਪੰਜਾਬ ਦੇ ਸਿਆਣੇ ਲੋਕਾਂ ਨੇ ਉਨ੍ਹਾਂ ਨੂੰ ਦਰਕਿਨਾਰ ਕਰ ਦਿੱਤਾ ਹੈ। ਅੰਤ ਵਿੱਚ ਸੱਚ ਦੀ ਜਿੱਤ ਹੁੰਦੀ ਹੈ ਅਤੇ ਝੂਠ ਆਪਣੀ ਤਾਕਤ ਗੁਆ ਦਿੰਦਾ ਹੈ। ਸ੍ਰੀ ਗੁਰੂ ਨਾਨਕ ਦੇਵ ਜੀ ਦੀ ਮਿਹਰ ਸਦਕਾ ਲੋਕਾਂ ਨੇ ਇਮਾਨਦਾਰ ਅਤੇ ਚੰਗੇ ਸ਼ਾਸਨ ਨੂੰ ਪਛਾਣ ਲਿਆ ਹੈ।

ਮੁੱਖ ਮੰਤਰੀ ਭਗਵੰਤ ਸਿੰਘ ਮਾਨ ਨੇ ਕਿਹਾ ਕਿ ਵਿਰੋਧੀ ਧਿਰ ਪੰਜਾਬ ਵਿੱਚ ਹੋ ਰਹੇ ਵਿਕਾਸ ਨੂੰ ਸਹਿਣ ਕਰਨ ਤੋਂ ਅਸਮਰੱਥ ਹੈ। ਉਨ੍ਹਾਂ ਕਿਹਾ, ÷ਅਸੀਂ ਪੰਜਾਬ ਦੇ ਸਮੁੱਚੇ ਵਿਕਾਸ ਲਈ ਅਣਥੱਕ ਯਤਨ ਕਰ ਰਹੇ ਹਾਂ ਅਤੇ ਇਸ ਨਾਲ ਵਿਰੋਧੀ ਧਿਰ ਹੈਰਾਨ ਹੈ। ਉਹ ਇਸ ਤੱਥ ਨੂੰ ਹਜ਼ਮ ਨਹੀਂ ਕਰ ਸਕਦੇ ਕਿ ਆਮ ਲੋਕਾਂ ਦੀ ਭਲਾਈ ਅਤੇ ਪੰਜਾਬ ਦੀ ਤਰੱਕੀ ਹੁਣ ਸਰਕਾਰ ਦੀ ਪ੍ਰਮੁੱਖ ਤਰਜੀਹ ਬਣ ਗਈ ਹੈ। ਉਨ੍ਹਾਂ ਦੀ ਨਿਰਾਸ਼ਾ ਉਨ੍ਹਾਂ ਦੁਆਰਾ ਸਾਡੇ ਵਿਰੁੱਧ ਵਰਤੀ ਗਈ ਭਾਸ਼ਾ ਤੋਂ ਸਪੱਸ਼ਟ ਦਿਖਾਈ ਦੇ ਰਹੀ ਹੈ। ਮੈਨੂੰ ਲੋਕਾਂ ਦੇ ਪੈਸੇ ਨੂੰ ਲੁੱਟਣ ਦਾ ਤਜਰਬਾ ਨਹੀਂ ਹੈ ਪਰ ਮੈਂ ਜ਼ਰੂਰ ਜਾਣਦਾ ਹਾਂ ਕਿ ਆਮ ਲੋਕਾਂ ਨਾਲ ਦਰਦ ਕਿਵੇਂ ਸਾਂਝਾ ਕਰਨਾ ਹੈ ਅਤੇ ਉਨ੍ਹਾਂ ਦੀਆਂ ਸਮੱਸਿਆਵਾਂ ਨੂੰ ਹੱਲ ਕਰਨ ਲਈ ਕਿਵੇਂ ਕੰਮ ਕਰਨਾ ਹੈ। ਮੇਰੀ ਇੱਕੋ ਇੱਕ ਤਰਜੀਹ ਪੰਜਾਬ ਦੀ ਖੁਸ਼ਹਾਲੀ ਅਤੇ ਲੋਕਾਂ ਦੀ ਭਲਾਈ ਹੈ।

2022 ਦੇ ਇਤਿਹਾਸਕ ਫ਼ਤਵੇ ਨੂੰ ਯਾਦ ਕਰਦਿਆਂ ਮੁੱਖ ਮੰਤਰੀ ਨੇ ਕਿਹਾ ਕਿ ਪੰਜਾਬ ਦੇ ਲੋਕਾਂ ਨੇ ਪੁਰਾਣੇ ਸਿਆਸੀ ਪਰਿਵਾਰਾਂ ਦੀ ਸੱਤਾ ਨੂੰ ਨਕਾਰਦਿਆਂ ਇਮਾਨਦਾਰ ਸ਼ਾਸਨ ਨੂੰ ਚੁਣਿਆ। ਉਨ੍ਹਾਂ ਅੱਗੇ ਕਿਹਾ, 2022 ਦੀਆਂ ਵਿਧਾਨ ਸਭਾ ਚੋਣਾਂ ਵਿੱਚ, ਸੱਤ ਸਾਬਕਾ ਮੁੱਖ ਮੰਤਰੀਆਂ ਅਤੇ ਉਨ੍ਹਾਂ ਦੇ ਪਰਿਵਾਰਾਂ ਨੂੰ ਸੂਬਾ ਵਾਸੀਆਂ ਨੇ ਪੂਰੀ ਤਰ੍ਹਾਂ ਨਕਾਰ ਦਿੱਤਾ ਅਤੇ ਇੱਕ ਇਮਾਨਦਾਰ ਸਰਕਾਰ ਨੂੰ ਮੌਕਾ ਦਿੱਤਾ। ਇਸ ਇਤਿਹਾਸਕ ਫ਼ਤਵੇ ਨੇ ਪੰਜਾਬ ਨੂੰ ਪੂਰੀ ਤਰ੍ਹਾਂ ਬਦਲ ਦਿੱਤਾ ਹੈ ਅਤੇ ਸੂਬੇ ਨੂੰ ਦੇਸ਼ ਦੇ ਮੋਹਰੀ ਸੂਬਿਆਂ ਵਿੱਚੋਂ ਇੱਕ ਬਣਾਉਣ ਵਿੱਚ ਮਦਦ ਕੀਤੀ ਹੈ।

ਸਿੰਚਾਈ ਸੁਧਾਰਾਂ ਬਾਰੇ ਬੋਲਦਿਆਂ ਮੁੱਖ ਮੰਤਰੀ ਭਗਵੰਤ ਸਿੰਘ ਮਾਨ ਨੇ ਕਿਹਾ ਕਿ ਪੰਜਾਬ ਨੇ ਪਾਣੀ ਪ੍ਰਬੰਧਨ ਵਿੱਚ ਇੱਕ ਵੱਡਾ ਮੀਲ ਪੱਥਰ ਪ੍ਰਾਪਤ ਕੀਤਾ ਹੈ। ਉਨ੍ਹਾਂ ਅੱਗੇ ਕਿਹਾ, ਇਸ ਸਾਲ, ਪੰਜਾਬ ਨੇ ਇੱਕ ਸੁਧਰੀ ਸਿੰਚਾਈ ਪ੍ਰਣਾਲੀ ਰਾਹੀਂ 96 ਫੀਸਦੀ ਨਹਿਰੀ ਪਾਣੀ ਦੀ ਵਰਤੋਂ ਕੀਤੀ, ਜਿਸ ਨਾਲ ਰਾਜ ਭਰ ਦੇ ਕਿਸਾਨਾਂ ਨੂੰ ਲਾਭ ਹੋਇਆ। ਪਹਿਲਾਂ ਇਹ ਪਾਣੀ ਬਰਬਾਦ ਹੁੰਦਾ ਸੀ। ਸਾਡੀ ਸਰਕਾਰ ਨੇ ਕਿਸਾਨਾਂ ਦੀਆਂ ਸਿੰਚਾਈ ਜ਼ਰੂਰਤਾਂ ਨੂੰ ਪੂਰਾ ਕਰਨ ਲਈ ਲਗਭਗ 14,000 ਕਿਲੋਮੀਟਰ ਪਾਈਪਾਂ ਅਤੇ ਖਾਲ਼ੇ ਬਣਾਏ ਹਨ ਅਤੇ ਇਨ੍ਹਾਂ ਰਾਹੀਂ 21,000 ਕਿਊਸਿਕ ਪਾਣੀ ਛੱਡਿਆ ਹੈ। ਇਹ ਦੋ ਭਾਖੜਾ ਨਹਿਰਾਂ ਦੁਆਰਾ ਸਪਲਾਈ ਕੀਤੇ ਜਾਣ ਵਾਲੇ ਪਾਣੀ ਦੇ ਬਰਾਬਰ ਹੈ ਅਤੇ ਪੰਜਾਬ ਦੇ ਕਿਸਾਨ ਭਾਈਚਾਰੇ ਨੂੰ ਵੱਡਾ ਲਾਭ ਪ੍ਰਦਾਨ ਕਰੇਗੀ।

ਮੁੱਖ ਮੰਤਰੀ ਨੇ ਕਿਹਾ ਕਿ ਧਰਤੀ ਹੇਠਲੇ ਪਾਣੀ ਦੇ ਪੱਧਰ ਨੂੰ ਸੁਧਾਰਨ ਲਈ ਨਹਿਰਾਂ ਅਤੇ ਦਰਿਆਵਾਂ ਵਿੱਚ ਰੀਚਾਰਜ ਪੁਆਇੰਟ ਬਣਾਏ ਗਏ ਹਨ। ਉਨ੍ਹਾਂ ਅੱਗੇ ਕਿਹਾ, ਇਸ ਦੇ ਨਤੀਜੇ ਵਜੋਂ ਕਈ ਖੇਤਰਾਂ ਵਿੱਚ ਪਾਣੀ ਦਾ ਪੱਧਰ ਦੋ ਤੋਂ ਚਾਰ ਮੀਟਰ ਵਧਿਆ ਹੈ। ਟੈਕਸਦਾਤਾਵਾਂ ਦੇ ਪੈਸੇ ਦਾ ਇੱਕ-ਇੱਕ ਰੁਪਿਆ ਲੋਕਾਂ ਦੀ ਭਲਾਈ ਲਈ ਸਮਝਦਾਰੀ ਨਾਲ ਖਰਚ ਕੀਤਾ ਜਾ ਰਿਹਾ ਹੈ। ਇਹ ਬਿਹਤਰ ਸਕੂਲਾਂ, ਹਸਪਤਾਲਾਂ, ਸੜਕਾਂ ਅਤੇ ਹੋਰ ਵਿਕਾਸ ਕਾਰਜਾਂ ਰਾਹੀਂ ਲੋਕਾਂ ਨੂੰ ਵਾਪਸ ਕੀਤਾ ਜਾ ਰਿਹਾ ਹੈ। ਅਸੀਂ ਟੋਲ ਪਲਾਜ਼ਾ ਵੀ ਬੰਦ ਕਰ ਦਿੱਤੇ ਹਨ, ਜਿਸ ਨਾਲ ਪੰਜਾਬ ਦੇ ਲੋਕਾਂ ਨੂੰ ਹਰ ਰੋਜ਼ ਲਗਪਗ 70 ਲੱਖ ਰੁਪਏ ਦੀ ਬਚਤ ਹੋ ਰਹੀ ਹੈ।

ਭਲਾਈ ਸਕੀਮਾਂ ਬਾਰੇ ਗੱਲ ਕਰਦਿਆਂ ਮੁੱਖ ਮੰਤਰੀ ਭਗਵੰਤ ਸਿੰਘ ਮਾਨ ਨੇ ਕਿਹਾ ਕਿ ਪੰਜਾਬ ਸਰਕਾਰ ਇਹ ਯਕੀਨੀ ਬਣਾ ਰਹੀ ਹੈ ਕਿ ਜਨਤਕ ਸਰੋਤਾਂ ਦੀ ਵਰਤੋਂ ਸਿਰਫ਼ ਲੋਕਾਂ ਦੇ ਹਿੱਤ ਲਈ ਕੀਤੀ ਜਾਵੇ। ਉਨ੍ਹਾਂ ਅੱਗੇ ਕਿਹਾ, ਪੰਜਾਬ ਦੇ 90 ਫੀਸਦੀ ਤੋਂ ਵੱਧ ਘਰਾਂ ਨੂੰ ਮੁਫ਼ਤ ਬਿਜਲੀ ਮਿਲ ਰਹੀ ਹੈ ਅਤੇ ਕਿਸਾਨਾਂ ਨੂੰ ਹੁਣ ਦਿਨ ਵੇਲੇ ਬਿਜਲੀ ਮਿਲ ਰਹੀ ਹੈ, ਜੋ ਸੂਬੇ ਦੇ ਇਤਿਹਾਸ ਵਿੱਚ ਬੇਮਿਸਾਲ ਕਦਮ ਹੈ। ਅਜਿਹੇ ਸਮੇਂ ਜਦੋਂ ਦੇਸ਼ ਭਰ ਵਿੱਚ ਲੋਕਾਂ ਦੀਆਂ ਜਾਇਦਾਦਾਂ ਨੂੰ ਚੋਣਵੇਂ ਕਾਰਪੋਰੇਟ ਹਿੱਤਾਂ ਨੂੰ ਸੌਂਪਿਆ ਜਾ ਰਿਹਾ ਹੈ, ਪੰਜਾਬ ਨੇ ਇੱਕ ਨਿੱਜੀ ਥਰਮਲ ਪਲਾਂਟ ਖਰੀਦ ਕੇ ਅਤੇ ਇਸ ਦਾ ਨਾਮ ਸ੍ਰੀ ਗੁਰੂ ਅਮਰਦਾਸ ਜੀ ਦੇ ਨਾਮ @ਤੇ ਰੱਖ ਕੇ ਇਤਿਹਾਸ ਰਚਿਆ ਹੈ।

ਮੁੱਖ ਮੰਤਰੀ ਨੇ ਕਿਹਾ ਕਿ ਪੰਜਾਬ ਸਰਕਾਰ ਨੇ ਔਰਤਾਂ ਨੂੰ ਸਿੱਧੀ ਵਿੱਤੀ ਸਹਾਇਤਾ ਪ੍ਰਦਾਨ ਕਰਨ ਲਈ ਮਾਵਾਂ-ਧੀਆਂ ਸਤਿਕਾਰ ਯੋਜਨਾ ਸ਼ੁਰੂ ਕੀਤੀ ਹੈ। ਉਨ੍ਹਾਂ ਅੱਗੇ ਕਿਹਾ, 18 ਸਾਲ ਤੋਂ ਵੱਧ ਉਮਰ ਦੀਆਂ ਔਰਤਾਂ ਨੂੰ ਪ੍ਰਤੀ ਮਹੀਨਾ 1,000 ਰੁਪਏ ਮਿਲਣਗੇ, ਜਦੋਂ ਕਿ ਅਨੁਸੂਚਿਤ ਜਾਤੀ ਪਰਿਵਾਰਾਂ ਦੀਆਂ ਔਰਤਾਂ ਨੂੰ ਪ੍ਰਤੀ ਮਹੀਨਾ 1,500 ਰੁਪਏ ਮਿਲਣਗੇ। ਆਮ ਪਰਿਵਾਰਾਂ, ਖਾਸ ਕਰਕੇ ਗਰੀਬ ਪਰਿਵਾਰਾਂ ਲਈ, ਇਹ ਰਕਮ ਬਹੁਤ ਮਹੱਤਵਪੂਰਨ ਹੈ। ਇਸ ਤੋਂ ਵੀ ਅਹਿਮ ਗੱਲ ਇਹ ਹੈ ਕਿ ਇਹ ਮਾਵਾਂ ਅਤੇ ਧੀਆਂ ਲਈ ਸਤਿਕਾਰ ਦਾ ਪ੍ਰਤੀਕ ਹੈ। ਇਸ ਯੋਜਨਾ ਕਾਰਨ ਔਰਤਾਂ ਦੇ ਚਿਹਰਿਆਂ @ਤੇ ਮੁਸਕਰਾਹਟ ਮੈਨੂੰ ਬਹੁਤ ਸੰਤੁਸ਼ਟੀ ਦਿੰਦੀ ਹੈ।

ਸਿਹਤ ਸੰਭਾਲ ਸੁਧਾਰਾਂ ਬਾਰੇ ਬੋਲਦਿਆਂ ਮੁੱਖ ਮੰਤਰੀ ਭਗਵੰਤ ਸਿੰਘ ਮਾਨ ਨੇ ਕਿਹਾ ਕਿ @ਆਪ@ ਸਰਕਾਰ ਨੇ ਮੁੱਖ ਮੰਤਰੀ ਸਿਹਤ ਯੋਜਨਾ ਸ਼ੁਰੂ ਕੀਤੀ ਹੈ, ਜੋ ਕਿ ਦੇਸ਼ ਵਿੱਚ ਆਪਣੀ ਕਿਸਮ ਦੀ ਪਹਿਲੀ ਪਹਿਲ ਹੈ। ਉਨ੍ਹਾਂ ਅੱਗੇ ਕਿਹਾ, ਪੰਜਾਬ ਦਾ ਹਰ ਪਰਿਵਾਰ ਹੁਣ ਸਾਲਾਨਾ 10 ਲੱਖ ਰੁਪਏ ਤੱਕ ਦੇ ਨਕਦੀ ਰਹਿਤ ਡਾਕਟਰੀ ਇਲਾਜ ਦਾ ਹੱਕਦਾਰ ਹੈ। ਪੰਜਾਬ ਭਾਰਤ ਦਾ ਪਹਿਲਾ ਸੂਬਾ ਬਣ ਗਿਆ ਹੈ, ਜਿਸ ਨੇ ਅਜਿਹੀ ਵਿਆਪਕ ਸਿਹਤ ਸੰਭਾਲ ਕਵਰੇਜ ਪ੍ਰਦਾਨ ਕੀਤੀ ਹੈ। ਇਸ ਨਾਲ ਪਰਿਵਾਰਾਂ @ਤੇ ਵਿੱਤੀ ਬੋਝ ਕਾਫ਼ੀ ਘੱਟ ਗਿਆ ਹੈ ਅਤੇ ਇਸਦੇ ਨਾਲ ਹੀ ਗੁਣਵੱਤਾ ਵਾਲੀਆਂ ਸਿਹਤ ਸੇਵਾਵਾਂ ਨੂੰ ਯਕੀਨੀ ਬਣਾਇਆ ਗਿਆ ਹੈ। ਹੁਣ ਤੱਕ ਸੂਬਾ ਵਾਸੀਆਂ ਨੇ ਇਸ ਯੋਜਨਾ ਤਹਿਤ 650 ਕਰੋੜ ਰੁਪਏ ਤੋਂ ਵੱਧ ਦਾ ਮੁਫਤ ਇਲਾਜ ਪ੍ਰਾਪਤ ਕੀਤਾ ਹੈ।

ਮੋਹਾਲੀ ਵਿਖੇ ਮੈਗਾ ਰੋਡ ਸ਼ੋਅ ਦੌਰਾਨ ਅਰਵਿੰਦ ਕੇਜਰੀਵਾਲ ਅਤੇ ਮੁੱਖ ਮੰਤਰੀ ਭਗਵੰਤ ਸਿੰਘ ਮਾਨ ਦਾ ਸ਼ਾਨਦਾਰ ਸਵਾਗਤ ਕੀਤਾ ਗਿਆ। ਜਿਵੇਂ ਹੀ ਆਗੂਆਂ ਦੀਆਂ ਗੱਡੀਆਂ ਸ਼ਹਿਰ ਦੇ ਵੱਖ-ਵੱਖ ਹਿੱਸਿਆਂ ਵਿੱਚੋਂ ਲੰਘੀਆਂ ਸੂਬਾ ਵਾਸੀ ਰਸਤਿਆਂ ਵਿੱਚ ਵੱਡੀ ਗਿਣਤੀ ਵਿੱਚ ਇਕੱਠੇ ਹੋਏ, ਬਾਲਕੋਨੀਆਂ ਤੋਂ ਫੁੱਲਾਂ ਦੀ ਵਰਖਾ ਕਰਦਿਆਂ ਉਤਸ਼ਾਹ ਨਾਲ ਉਨ੍ਹਾਂ ਦਾ ਸਵਾਗਤ ਕੀਤਾ।

ਸਮਰਥਕਾਂ ਨੇ ਨਾਅਰੇਬਾਜ਼ੀ ਕੀਤੀ ਅਤੇ ਪਾਰਟੀ ਦੇ ਝੰਡੇ ਲਹਿਰਾਏ, ਜਿਸ ਨਾਲ ਰੋਡ ਸ਼ੋਅ ਜਨਤਾ ਦੇ ਸਮਰਥਨ ਦੇ ਜਸ਼ਨ ਵਿੱਚ ਤਬਦੀਲ ਹੋ ਗਿਆ।

ਇਸ ਮੌਕੇ ਸੀਨੀਅਰ ਆਪ ਨੇਤਾ ਅਤੇ ਪੰਜਾਬ ਪ੍ਰਭਾਰੀ ਮਨੀਸ਼ ਸਿਸੋਦੀਆ, ਕੈਬਨਿਟ ਮੰਤਰੀ ਅਮਨ ਅਰੋੜਾ ਅਤੇ ਬਰਿੰਦਰ ਕੁਮਾਰ ਗੋਇਲ, ਲੋਕ ਸਭਾ ਮੈਂਬਰ ਮਾਲਵਿੰਦਰ ਸਿੰਘ ਕੰਗ ਅਤੇ ਕਈ ਹੋਰ ਆਗੂ ਮੌਜੂਦ ਸਨ।



# ਬੂੰਦ ਤੋਂ ਸਮੁੰਦਰ ਦੀ ਛੱਲ ਤੱਕ ਦਾ ਸ.ਫਰ 'ਅੱਖ ਤਿਣ'

'ਕਰਮ ਸਿੰਘ ਜਖ਼ਮੀ' ਦੀ ਗ਼ਜ਼ਲ ਸਮਰੱਥਾ ਪੰਜ ਗ਼ਜ਼ਲ ਸੰਗ੍ਰਹਿ-ਯਾਦਾਂ ਦੇ ਪੁਠਕੰਡੇ, ਤੁਪਕੇ ਵਿੱਚ ਸਮੁੰਦਰ, ਚੁਲ੍ਹੇ ਵਿੱਚ ਬਸੰਤਰ, ਕਦ ਬੋਲਾਂਗੇ, ਚਾਨਣ ਦੀ ਲਲਕਾਰ ਰਾਹੀਂ ਭਲੀ ਭਾਂਤ ਪੰਜਾਬੀ ਸਾਹਿਤ ਜਗਤ ਵਿੱਚ ਉਜਾਗਰ ਹੋ ਚੁੱਕੀ ਹੈ। ਹਰ ਗ਼ਜ਼ਲ ਸੰਗ੍ਰਹਿ ਅਵਾਮ ਲਈ ਇੱਕ ਨਵੀਂ ਸੇਧ ਦਾ ਸੁਨੇਹਾ ਸਾਬਤ ਹੋਇਆ ਹੈ। ਦਿਲ ਦੇ ਅੰਦਰ ਉਤਰ ਕੇ ਗ਼ਜ਼ਲਕਾਰੀ ਕਰਨ ਵਾਲਾ ਜਖ਼ਮੀ ਸਿਲਪ ਪੱਖੋਂ ਪੂਰੇ ਦਿਮਾਗ ਨਾਲ ਗ਼ਜ਼ਲਾਂ ਵਿੱਚ ਰਵਾਨਗੀ ਭਰਦਾ ਹੈ।ਆਪਣੇ ਆਲੇ-ਦੁਆਲੇ ਅਤੇ ਹੱਡੀ ਹੰਢਾਏ ਵਰਤਾਰਿਆਂ ਦਾ ਕਾਵਿਕ ਵਿਸਲੇਸ਼ਣ ਅਤੇ ਬਿਆਨ ਪ੍ਰਗਤੀਵਾਦੀ ਦ੍ਰਿਸ਼ਟੀਕੋਣ ਤੋਂ ਕਰਦਾ ਹੋਇਆ ਜ਼ਖਮੀ ਲੋਕਾਂ ਦੀ ਭਾਸ਼ਾ ਵਿੱਚ, ਲੋਕਾਂ ਲਈ, ਲੋਕਾਂ ਵਰਗਾ ਬਣਕੇ ਬੇਬਾਕ ਸ਼ੈਲੀ ਅਪਣਾਉਂਦਾ ਹੈ। ਜਖ਼ਮੀ ਖੁਦ ਮੰਨਦਾ ਹੈ ਕਿ, "ਮੇਰੀਆਂ ਗ਼ਜ਼ਲਾਂ ਇਸੇ ਕਰਕੇ ਹੀ ਲੋਕ ਮਨਾਂ ਨੂੰ ਟੁੰਬਦੀਆਂ ਹਨ ਕਿਉਂਕਿ ਇਹ ਸੁਲਘਦੀਆਂ ਆਂਦਰਾਂ ਦੇ ਸੇਕ ਵਿੱਚੋਂ ਨਿਕਲਦੀਆਂ ਹਨ, ਕਿਸੇ ਪੰਜ ਤਾਰਾ ਹੋਟਲ ਵਿੱਚ ਬਹਿ ਕੇ ਨਹੀਂ ਲਿਖੀਆਂ ਜਾਂਦੀਆਂ।" (1) (ਡਾ. ਮਨਦੀਪ ਕੌਰ ਢੀਂਡਸਾ, ਕਰਮ ਸਿੰਘ ਜਖ਼ਮੀ ਦੀ ਗ਼ਜ਼ਲ ਸੰਵੇਦਨਾ,
(ਪੰਨਾ 182)

ਗ਼ਜ਼ਲ ਸੰਗ੍ਰਹਿ 'ਅੱਖ ਤਿਣ' ਕਰਮ ਸਿੰਘ ਜਖ਼ਮੀ ਦਾ ਛੇਵਾਂ ਗ਼ਜ਼ਲ ਸੰਗ੍ਰਿਹ ਹੈ ਜੋ ਬੂੰਦ ਤੋਂ ਦਰਿਆ, ਦਰਿਆ ਤੋਂ ਸਮੁੰਦਰ ਦੀ ਛੱਲ ਤੱਕ ਦਾ ਸਫ਼ਰ ਹੈ।

ਸਾਗਰ ਦੀ ਇਹ ਛੱਲ ਕਦੇ ਪਿਆਸਿਆਂ ਹੋਠਾਂ ਦੀ ਪਿਆਸ ਬੁਝਾਉਂਦੀ ਹੈ, ਕਦੇ ਇਹ ਔੜਾਂ ਮਾਰੀ ਸੁੱਕੀ ਧਰਤ ਵੱਲ ਉੱਡਦੀ ਹੈ, ਕਦੇ ਰਾਜਸੀ-ਸਿਸਟਮ ਵੱਲ ਹੜ੍ਹ ਵਾਂਗ ਚੜ੍ਹਕੇ ਸਭ ਕੁੱਝ ਵਹਾ ਕੇ ਲੈ ਜਾਣ ਲਈ ਤਤਪਰ ਹੈ, ਕਦੇ ਜਿੰਦਗੀ ਅੰਦਰ ਸੱਤ ਸਮੁੰਦਰਾਂ ਦੀ ਚੁੱਪ ਵਰਗਾ ਮਹੌਲ ਸਿਰਜਨ ਦਾ ਸੁਨੇਹਾ ਦਿੰਦੀ ਹੈ। ਜੰਗੇ-ਜਿੰਦਗੀ ਦੀਆਂ ਸਭ ਤਲਖੀਆਂ-ਰੰਗੀਨੀਆਂ ਦਾ ਇਕਬਾਲੀਆ ਬਿਆਨ ਵੀ ਹੈ 'ਅੱਖ ਤਿਣ'। ਆਮ ਲੋਕਾਂ ਦੀਆਂ ਅਕਾਂਖਿਆਵਾਂ, ਜਰੂਰਤਾਂ, ਮਿਹਨਤ, ਨਿਆਂ, ਸੱਚਾਈ, ਕਦਰਾਂ-ਕੀਮਤਾਂ, ਧਰਮ, ਸਮਾਜ, ਰਾਜਨੀਤੀ ਆਦਿ ਵਿਸ਼ਿਆਂ ਨੂੰ ਬੁੱਕਲ ਵਿੱਚ ਸਾਂਭਣ ਵਾਲੀ ਇਹ ਪੁਸਤਕ ਸਭ ਲਈ 'ਹਾਅ ਦਾ ਨਾਅਰਾ' ਮਾਰਦੀ ਹੈ।

ਜਖ਼ਮੀ ਦੀ ਪ੍ਰਾਪਤੀ ਇਹ ਹੈ ਕਿ ਉਸਦੀ ਗ਼ਜ਼ਲਕਾਰੀ ਮਾਨਾਂ-ਸਨਮਾਨਾਂ ਤੋਂ ਉਪਰ ਉੱਠ ਕੇ ਸੌਖੀ ਸਾਦੀ ਭਾਸ਼ਾ ਵਿੱਚ ਸਰੋਤਿਆਂ, ਪਾਠਕਾਂ ਦੇ ਸਵਾਦਾਂ ਦੀ ਅਨੁਸਾਰੀ ਨਹੀਂ ਸਗੋਂ ਸੋਚ ਨੂੰ ਹਲੂਣਨ ਦਾ ਜਰੀਆ ਬਣਦੀ ਹੈ। ਜਖ਼ਮੀ ਇੱਕ ਮੌਲਿਕ ਵਿਦਵਾਨੀ ਸੋਚ ਅਤੇ ਚਿੰਤਤ ਦਿਮਾਗ ਰੱਖਦਾ ਹੋਇਆ ਨਵੇਂ ਰਾਹ ਤਲਾਸ਼ਦਾ ਹੈ। ਉਸਦੀ ਹਰ ਗ਼ਜ਼ਲ ਇੱਕ ਅਲੱਗ ਪਗਡੰਡੀ ਖੋਜਦੀ ਹੋਈ ਨਵੀਆਂ ਪੈੜਾਂ ਪਾਉਣ ਦੇ ਸਮਰੱਥ ਹੈ। ਗ਼ਜ਼ਲ ਸੰਗ੍ਰਹਿ 'ਅੱਖ ਤਿਣ' ਦੀ ਪਹਿਲੀ ਗ਼ਜ਼ਲ ਦਾ ਪਹਿਲਾ ਸ਼ੇਅਰ ਹੀ ਇਸ ਦੀ ਹਾਮੀ ਭਰਦਾ ਹੈ -

ਮੁਹੱਬਤ ਵੀ ਵਿਸ਼ਾ ਹੈ ਪਰ ਬਥੇਰੇ ਹੋਰ ਵੀ ਨੇ।
ਵਿਛੋੜੇ ਤੋਂ ਭਿਆਨਕ ਡਰ ਵਧੇਰੇ ਹੋਰ ਵੀ ਨੇ।'

(ਪੰਨਾ 11)

'ਅੱਖ ਤਿਣ' ਵਿੱਚ ਜਖ਼ਮੀ ਨੇ ਅਣਛੋਹੇ ਤੇ ਅਣਵਿਚਾਰੇ ਵਿਸ਼ਿਆਂ ਤੇ ਪੂਰਨ ਝਾਤ ਪੁਆਈ ਹੈ ਜੋ ਉਸਦੀ ਮੌਲਿਕਤਾ ਦੀ ਸਵੈ-ਪਛਾਣ ਹੈ। ਜਖ਼ਮੀ ਨੂੰ ਬਿਗਾਨੇ ਪਾਏ ਰਾਹਾਂ ਦੀ ਧੂੜ ਛਾਨਣ ਦੀ ਚਾਹ ਨਹੀਂ ਉਹ ਆਪਣਾ ਰਸਤਾ ਖੁਦ ਬਣਾ ਕੇ 'ਕਬੀਰ' ਦੀ ਧਾਰਨਾ ਅਨੁਸਾਰ ਅਵਘਟ ਘਾਟੀ ਸਰ ਕਰਨਾ ਲੋਚਦਾ ਹੈ -

ਕਬੀਰ ਜਿਹ ਮਾਰਗਿ ਪੰਡਿਤ ਗਏ ਪਾਛੈ ਪਰੀ ਬਹੀਰ।
ਇਹ ਅਵਘਟ ਘਾਟੀ ਰਾਮ ਕੀ ਤਹਿ ਚੜਿ ਰਹਿਓ ਕਬੀਰ

(ਸਲੋਕ 165)

ਇਸੇ ਜਗਿਆਸਾ ਅਨੁਸਾਰ ਜਖ਼ਮੀ ਲਿਖਦਾ ਹੈ - (ੳ) ਵਹਾ ਕੇ ਸਾਗਰਾਂ ਵਰਗੇ ਬਣਾ ਕੇ ਨੈਣ ਮਾਰੂਥਲ,
ਟਿਕ ਕੇ ਟੇਕ ਕੀ ਕਰਨੀ ਸਰਾਂ ਬੇਗਾਨਿਆ ਉੱਤੇ।

(ਪੰਨਾ 13)

(ਅ) ਨਾਲ ਲੈ ਕੇ ਜਾ ਵੀ ਉਡਦੇ ਰਹੇ ਨੇ,
ਪੰਛੀਆਂ ਨੇ ਮਾਰਿਆ ਜਦ ਹੰਭਲਾ ਹੈ।

(ਪੰਨਾ 18)

(ੲ) ਸਦੀਆਂ ਤੋਂ ਜੋ ਬੰਦ ਪਿਆ ਮੂੰਹ ਖੋਲ੍ਹਣ ਨੂੰ ਜੀਅ ਕਰਦੈ,
'ਰਾਜੇ ਸੀਹ ਮੁਕਦਮ ਕੁੱਤੇ' ਆਖਣ ਨੂੰ ਜੀ ਕਰਦੈ।

(ਪੰਨਾ 27)

ਜਖ਼ਮੀ ਨੂੰ ਅਹਿਸਾਸ ਹੈ ਕਿ ਇਸ ਅਵਘਟ ਘਾਟੀ ਦੇ ਰਾਹੀਆਂ ਨੂੰ ਹਮੇਸ਼ਾ ਹੀ ਹਕੂਮਤ ਦਾ 'ਅੱਖ ਤਿਣ' ਬਣਕੇ ਰਹਿਣਾ ਪਿਆ ਹੈ। ਪੁਸਤਕ ਦਾ ਸਿਰਲੇਖ ਇਸੇ ਅਹਿਸਾਸ ਦਾ ਹੀ ਮੁਖੜਾ ਹੈ। ਸਰਕਾਰੀ ਤੰਤਰ ਦੀ ਅੱਖ ਦਾ ਕਾਣ ਹੀ ਦੱਬੇ-ਕੁਚਲੇ ਲੋਕਾਂ, ਨਿਆਂ ਮੰਗਦੇ ਹੱਥਾਂ, ਖ਼ੈਰ ਮੰਗਦੀਆਂ ਝੋਲੀਆਂ, ਇਨਸਾਫ ਮੰਗਦੇ ਧਰਨਿਆਂ ਦੀ ਪੁਕਾਰ ਨੂੰ ਹੀ 'ਅੱਖ ਤਿਣ' ਸਮਝਣ ਲੱਗਦਾ ਹੈ। ਜਖ਼ਮੀ ਕਲਮ ਨੂੰ ਤਲਵਾਰ ਬਣਾ ਬਾਗੀ ਬਣਨਾ ਲੋਚਦਾ ਹੈ -

(ੳ) ਹੋਵੇ ਨਾ ਜੇ ਅੱਖ 'ਚ ਕਾਣ ਹਕੂਮਤ ਦੇ,
ਫਿਰ ਹੀ ਸਾਰੇ ਲੋਕ ਬਰਾਬਰ ਹੁੰਦੇ ਨੇ

(ਪੰਨਾ 14)

(ਅ) ਕਲਮਾਂ ਨੂੰ ਕ੍ਰਿਪਾਨ ਬਣ ਕੇ, ਸੁੱਤੇ ਲੋਕ ਜਗਾ ਕੇ,
ਕਰਨੇ ਨੇ ਸੰਘਰਸ਼ ਨਰੋਏ, ਬਾਗੀ ਹੋਈਆਂ ਗ਼ਜ਼ਲਾਂ।

(ਪੰਨਾ 106)

ਚੇਤੰਨਤਾ ਅਤੇ ਚੇਤਨਾ ਦੀ ਅਣਹੋਂਦ ਸਦਕਾ ਅਸੀਂ ਹਕੂਮਤਾਂ ਦੇ ਹੱਥ ਠੋਕੇ ਬਣੇ ਰਹੇ ਹਾਂ। ਅਸੀਂ ਉਹ ਮੁਰਲੀ ਸਾਬਤ ਹੋਏ ਹਾਂ ਜਿਸਨੂੰ ਸਿਸਟਮ ਜਿਵੇਂ ਚਾਹੇ ਜਦੋਂ ਚਾਹੇ ਆਪਣੀ ਤਾਨ, ਸੁਰ, ਆਵਾਜ, ਧੁਨੀ ਦੇ ਸਕਦਾ ਹੈ। ਰਾਜਨੀਤੀਵਾਨਾ ਅਤੇ ਉਨ੍ਹਾਂ ਦੇ ਅਕਾਵਾਂ ਨੇ ਆਪਣੇ ਹੋਠਾਂ ਦੀ ਫੂਕ ਮੁਤਾਬਕ ਹੀ ਮੁਰਲੀ ਅਵਾਮ ਦੀ ਅਵਾਜ ਨਿਸਚਿਤ ਕੀਤੀ ਹੈ। ਜਖ਼ਮੀ ਦੀ ਗ਼ਜ਼ਲ ਕਿਸੇ ਦੇ ਹੱਥਾਂ ਦੀ ਕਠਪੁਤਲੀ ਜਾਂ ਕਿਸੇ ਦੇ ਹੱਥ ਦੀ ਮੁਰਲੀ ਦੀ ਅਵਾਜ ਨਹੀਂ ਬਣਨਾ ਲੋਚਦੀ ਸਗੋਂ ਖੁਦ-ਮੁਖਤਿਆਰੀ ਦੀ ਬੰਦੂਕ ਬਣਨ ਲਈ ਤਤਪਰ ਹੈ ਤੇ ਹੋਕਾ ਸਭ ਲਈ ਹੈ -

(ੳ) ਬੰਦੂਕਾਂ ਜੇ ਬਣੇ ਹੁੰਦੇ ਤਾਂ ਗੱਲਾਂ ਹੋਰ ਹੀ ਹੁੰਦੀਆਂ,
ਹਮੇਸ਼ਾ ਹੀ ਅਸੀਂ ਵਰਤੇ ਗਏ ਹਾਂ ਮੁਰਲੀਆਂ ਬਣ ਕੇ।

(ਪੰਨਾ 115)

(ਅ) ਹੱਕਾਂ ਖਾਤਰ ਰਹਿਣੈ ਹਰਦਮ ਜੂਝਦੇ,
ਮੰਗੀਏ ਨਾ ਖੈਰਾਤ ਕਿਸਾਨੋ ਕਿਰਤੀਓ।

(ਪੰਨਾ 90)

(ੲ) ਰਾਹ ਦਸੇਰਾ ਬਣ ਕੇ ਜਿਸ ਨੇ, ਜੱਥੇਬੰਦ ਸੀ ਕਰਨੇ ਕਿਰਤੀ,
ਲੱਗੇ ਨਾ ਹੁਣ ਫਰਜ਼ ਨਿਭਾਉਂਦਾ, ਦਗਾ ਕਮਾਉਂਦਾ ਪੜ੍ਹਿਆਂ ਲਿਖਿਆ।

(ਪੰਨਾ 79)

ਭਾਰਤੀ ਇਤਿਹਾਸ ਮਿਥਿਹਾਸ ਇਸ ਗੱਲ ਦੀ ਗਵਾਹੀ ਭਰਦਾ ਹੈ ਕਿ ਸਦੀਆਂ ਪਹਿਲਾਂ ਭਾਰਤੀ ਸਮਾਜ ਮਾਂ-ਪ੍ਰਧਾਨ ਸਮਾਜ ਵੀ ਰਿਹਾ ਹੈ। ਬਾਰੇ ਨਾਨਕ ਦੇ ਬੋਲ 'ਸੋ ਕਿਉਂ ਮੰਦਾ ਆਖੀਐ ਜਿਤ ਜੰਮਹਿ ਰਾਜਾਨ' ਵੀ ਔਰਤ ਦੇ ਸਤਿਕਾਰ ਦੇ ਪਾਤਰ ਹਨ। ਪੜ੍ਹ ਲਿਖ ਕੇ ਬਰਾਬਰ ਦਾ ਅਦਬ ਖੱਟਣ ਵਾਲੀਆਂ ਔਰਤਾਂ ਨੇ ਮਰਦ ਦੇ ਮੋਢੇ ਨਾਲ ਮੋਢਾ ਡਾਹ ਕੇ ਸਮਾਜ ਨੂੰ ਸਾਵਾਂ ਬਣਾਇਆ ਪਰ ਅੰਤਰ-ਰਾਸ਼ਟਰੀ ਪ੍ਰਭਾਵਾਂ ਨੇ ਅੱਜ ਫਿਰ ਔਰਤ ਨੂੰ ਮੰਡੀ ਦੀ ਵਸਤੂ ਬਣਾ ਕੇ ਰੱਖ ਦਿੱਤਾ ਹੈ। ਸਥਾਪਤੀ ਦੇ ਸਭ ਪਿਆਦੇ ਔਰਤ ਵਿਰੁੱਧ ਹੀ ਭੁਗਤੇ ਨੇ। ਜਖ਼ਮੀ ਦਾ ਕਲਮੀ ਵਿਅੰਗ ਬੜਾ ਮਜ਼ਬੂਤ ਹੈ -

(ੳ) ਜਦੋਂ ਤੋਂ ਵਿਸ਼ਵਮੰਡੀ ਨੇ ਬਣਾਈਆਂ ਔਰਤਾਂ ਵਸਤੂ,
ਉਦੋਂ ਤੋਂ ਹੀ ਦਿਖਾਈ ਦਿੰਦੀਆਂ ਨੇ ਤਿਤਲੀਆਂ ਬਣਕੇ।

(ਪੰਨਾ 15)

(ਅ) ਖ਼ੂਬ ਘਰਾਂ ਵਿੱਚ ਪੂਜ਼ ਰਹੇ ਹਾਂ ਕੰਜਕਾਂ ਨੂੰ,
ਨੇ ਜਾਰੀ ਔਰਤ ਦਾ ਅਪਮਾਨ ਅਜੇ।

(ਪੰਨਾ 20)

(ੲ) ਆਖੀ ਤੂੰ ਬਘਿਆੜੀ ਤਾੜਨ ਦੀ ਅਧਿਕਾਰੀ,
ਘਿਓ ਖਿਚੜੀ ਨੇ ਦੋਵੇਂ ਗੌਤਮ ਇੰਦਰ ਭੈਣੇ।

(ਪੰਨਾ 32)

(ਸ) ਨੂੰਹਾਂ ਧੀਆਂ ਆਪਣੀਆਂ 'ਤੇ ਪਹਿਰੇ ਨੇ,
ਦੂਸਰੀਆਂ ਦੇ ਬੰਦਾ ਲੈਂਦਾ ਨਾਪ ਦਿਸੇ।

(ਪੰਨਾ 42)

(ਹ) ਵੰਡਦੇ ਨੇ ਮਰਦਾਨਾ ਤਾਕਤ ਚਾਰ ਚੁਫੇਰੇ ਵੈਦ,
ਖੌਰੇ ਕਿੰਦਾਂ ਔਰਤ ਨੂੰ ਕਮਜ਼ੋਰ ਬਣਾਈ ਜਾਂਦੇ ਹੋ।

(ਪੰਨਾ 69)

ਬਾਬੇ ਨਾਨਕ ਦੇ ਸਮਕਾਲੀ ਹਾਕਮਾਂ ਨੂੰ ਬੋਲੇ ਵਿਦਰੋਹੀ ਬੋਲ, ਭਾਰਤੀ ਅਵਾਮ ਵਿੱਚ ਚੇਤਨਾ ਭਰਨ ਲਈ ਅਹਿਮ ਸਾਬਤ ਹੋਏ। ਬਾਬੇ ਨਾਨਕ ਨੇ ਧਾਰਮਿਕ-ਪਾਖੰਡੀਆਂ, ਜੋਰੂ-ਰਾਜਿਆਂ, ਹੰਕਾਰੀ -ਮੁੱਲਾਂ ਮੁਲਾਣਿਆਂ ਦੀ ਰੱਜ ਕੇ ਭੰਡੀ ਪੱਟੀ। ਦਸਮ ਗੁਰੂ ਗੋਬਿੰਦ ਸਿੰਘ ਜੀ ਨੇ ਬੇਹਿਸ ਹੋਈ ਕੌਮ ਨੂੰ ਲਲਕਾਰ ਮਾਰ ਕੇ ਜਗਾਇਆ। ਸਮੇਂ ਦੇ ਹਾਕਮਾਂ ਨਾਲ ਖੂਬ ਦਸਤਖੰਜਾ ਲਿਆ। ਅੱਜ ਫੇਰ ਲੋਕਾਂ ਦੀ ਜਮੀਰ ਸੌਂ ਗਈ ਹੈ। ਹਲੂਨਣ ਵਾਲੇ ਸਵਾਰਥੀ ਬਣ ਚੁੱਕੇ ਨੇ, ਡੇਰੇਦਾਰਾਂ, ਬਾਬਿਆਂ, ਵਹਿਮਾਂ-ਭਰਮਾਂ ਦਾ ਫੇਰ ਬੋਲਬਾਲਾ ਹੈ, ਲੋਟੂ ਹਾਕਮ ਲੋਕਾਈ ਨੂੰ ਵੰਡ ਕੇ ਆਪਸ ਵਿੱਚ ਲੜਾਉਣ ਦੀਆਂ ਨਿੱਤ ਕੋਝੀਆਂ ਚਲਦੇ ਨੇ, ਸਰਕਾਰਾਂ ਸਰਮਾਏਦਾਰਾਂ ਦੀ ਕਠਪੁਤਲੀ ਬਣ ਚੁੱਕੀਆਂ ਹਨ। ਜਖ਼ਮੀ ਨੂੰ ਇਸ ਵਰਤਾਰੇ ਦਾ ਡੂੰਘਾ ਅਹਿਸਾਸ ਹੀ ਨਹੀਂ ਸਗੋਂ ਅਸਹਿ ਦਰਦ ਵੀ ਹੈ। ਭਾਣਾ ਮੰਨਣ ਵਾਲੇ ਲੋਕਾਂ ਨੂੰ ਜਾਗਣ ਦਾ ਸੁਨੇਹਾ ਦਿੰਦਾ ਹੋਇਆ ਸਮੁੱਚੇ ਵਰਤਾਰੇ ਦਾ ਕਲਮੀ ਵਖਿਆਨ ਕਰਦਾ



ਡਾ.ਸੁਖਵਿੰਦਰ ਸਿੰਘ ਪਰਮਾਰ
ਸਹਾਇਕ ਪ੍ਰੋਫ਼ੈਸਰ ਪੰਜਾਬੀ,
ਸਰਕਾਰੀ ਰਣਬੀਰ ਕਾਲਜ, ਸੰਗਰੂਰ।
ਮੋਬਾ. 98148-76266

ਹੋਇਆ ਉਹ ਨਵੀਂ ਚੇਤਨਤਾ ਦੀ ਚਿਣਗ ਲਾਉਂਦਾ ਹੈ -

(ੳ) ਜਦ ਤੱਕ ਭਾਣੇ ਮੰਨਦੇ, ਕਰ ਲੈਣਾ ਧਰਵਾਸ,
ਤਦ ਤੱਕ ਹੋਣੇ ਕਤਲ ਨੇ, ਬਾਜਾਂ ਹੱਥੋਂ ਬੋਟ।

(ਪੰਨਾ 103)

(ਅ) ਚੈਨਲਾਂ 'ਤੇ ਹੈ ਤਦੇ ਹੀ ਦਬਦਬਾ ਪਾਖੰਡ ਦਾ,
ਮਿਹਨਤਾਂ ਦੀ ਲੁੱਟ ਨੂੰ ਭਾਣਾ ਬਣਾਇਆ ਜਾ ਰਿਹੈ।

(ਪੰਨਾ 65)

(ੲ) ਮਾਰੇ ਜਾਵਾਂਗੇ ਜੇ ਕੁੱਝ ਵੀ ਬੋਲ ਬਹੇ,
ਮਰ ਜਾਵਾਂਗੇ ਫਿਰ ਵੀ ਜੇਕਰ ਚੁੱਪ ਰਹੇ।

(ਪੰਨਾ 64)

(ਸ) ਤੀ ਤੇ ਸੀਸ ਨੂੰ ਧਰ ਕੇ, ਰਣਾ ਵਿਚ ਜੂਝਣੈ ਜਿਸ ਨੇ,
ਜ਼ਲਾਲਤ ਜਰ ਨਹੀਂ ਸਕਦਾ, ਸਵਾ ਲੱਖ ਹੋ ਗਿਆ ਬੰਦਾ।

(ਪੰਨਾ 57)

(ਹ) ਜਾਤਾਂ ਧਰਮਾਂ ਵਿਚ ਅੜੇ ਹਾਂ ਬਣ ਕੇ ਖੂਹ ਦੇ ਡੱਡੂ,
ਤੋੜ ਤੁੜਾ ਕੇ ਪਿੰਜਰੇ ਸਾਰੇ ਫੈਲਣ ਨੂੰ ਜੀ ਕਰਦੈ।

(ਪੰਨਾ 27)

(ਕ) ਨਾ ਬਣਿਆ ਨਾ ਬਣਨਾ ਹਿੰਦੂ ਦੇਸ਼ ਕਦੇ ਵੀ
ਵੰਨ ਸੁਵੰਨਾ ਭਾਰਤ ਦਾ ਗੁਲਦਾਨ ਰਿਹਾ ਹੈ।

(ਪੰਨਾ 47)

(ਖ) ਹਿੰਦੂ, ਮੁਸਲਿਮ, ਸਿੱਖ ਇਸਾਈ, ਜੈਨੀ, ਬੋਧੀ,
ਮੌਸਮ ਵਾਂਗੂ ਕਿੰਨੇ ਰੰਗ ਵਟਾਉਂਦੈ ਬੰਦਾ।

(ਪੰਨਾ 84)

ਅਜੋਕੇ ਰਾਜਨੀਤੀਵਾਨਾਂ ਦੇ ਕੁਹਜ ਨੂੰ ਜਖ਼ਮੀ ਦਾ ਵਿਅੰਗਮਈ ਅੰਦਾਜ ਇਵੇਂ ਬਿਆਨਦਾ ਹੈ -

(ੳ) ਚੰਡੀਗੜ੍ਹ ਜਾਂ ਦਿੱਲੀ ਬਦਲੇ ਰੰਗ ਜਦੋਂ ਵੀ,
ਹੁੰਦਾ ਰਹਿੰਦੈ ਚਿੱਟਾ, ਭਗਵਾਂ, ਨੀਲਾ ਬੰਦਾ।

(ਪੰਨਾ 46)

(ਅ) ਚੋਣਾਂ ਦੇ ਵਿੱਚ ਵੋਟ ਸਮਝ ਕੇ ਵਰਤ ਲਿਆ ਜਾਂਦਾ ਹੈ ਬੰਦਾ,
ਭ੍ਰਿਸ਼ਟਾਚਾਰੀ ਠੱਗ ਸਿਆਸਤਦਾਨਾਂ 'ਚੋਂ ਨਿਗਰਾਨ ਮਿਲੇ ਨਾ।

(ਪੰਨਾ 85)

(ੲ) ਕਾਂਡ, ਘੁਟਾਲੇ, ਸਾਜਿਸ਼ਾਂ ਮੰਨਣ ਨਾ ਨੇਤਾ
ਸਰ ਜਾਂਦਾ ਹੈ ਆਖ ਕੇ ਅਖ਼ਬਾਰੀ ਗਲਤੀ।

(ਪੰਨਾ 98)

(ਸ) ਜਿਹੜਾ ਲੋਕਾਂ ਦੀ ਸੁਣੇ ਨਾ ਗੱਲ ਨੇਤਾ,
ਐਸਾ ਹੁੰਦਾ ਨਾ ਕਦੇ ਵੀ ਝੱਲ ਨੇਤਾ।

(ਪੰਨਾ 101)

ਕਰਮ ਸਿੰਘ ਜਖ਼ਮੀ ਦਾ ਸਵੈ-ਸੰਕਲਪ ਹੈ ਕਿ ਇਸ ਵਿੱਚ ਕੋਈ ਸ਼ੱਕ ਨਹੀਂ ਹੈ ਕਿ ਸਰਕਾਰੀ ਸਨਮਾਨਾਂ ਦੀ ਚਕਾਚੌਂਧ ਨੇ ਕਾਫ਼ੀ ਹੱਦ ਤੱਕ ਕੁਝ ਮੌਕਾ ਪ੍ਰਸਤ ਲੇਖਕਾਂ ਨੂੰ ਡਾਵਾਂਡੋਲ ਵੀ ਕੀਤਾ ਹੈ ਪਰ ਤਸੱਲੀ ਵਾਲੀ ਗੱਲ ਹੈ ਕਿ ਮਾਂ ਬੋਲੀ ਦੀ ਗੋਦ ਅਜੇ ਸੁੰਨੀ ਨਹੀਂ ਹੋਈ ਕਿਉਂਕਿ ਹੱਕ, ਸੱਚ ਅਤੇ ਇਨਸਾਫ਼ ਲਈ ਜੂਝਣ ਵਾਲੇ ਬੇਸ਼ੁਮਾਰ ਕਲਮਕਾਰ ਅਜੇ ਵੀ ਲੋਕ ਸਰੋਕਾਰਾਂ ਨੂੰ ਪ੍ਰਣਾਏ ਹੋਏ ਹਨ। ਜਿਸਤੇ ਉਹ ਪੂਰਨ ਰੂਪ ਵਿਚ ਖਰਾ ਉਤਰਦਾ ਹੈ -

(ੳ) ਯੁੱਗ ਪਲਟਾਊ ਸ਼ਬਦ ਜਿੰਨ੍ਹਾਂ ਨੇ ਜਨਮੇ ਨੇ,
ਯੁੱਗਾਂ ਤੱਕ ਉਨ੍ਹਾਂ ਕਲਮਾਂ ਦੀ ਛਾਪ ਦਿਸੇ।

(ਪੰਨਾ 42)

(ਅ) ਗੋਡੇ ਭਾਵੇਂ ਗਿੱਟੇ ਲੱਗੇ ਫ਼ਿਕਰ ਨਹੀਂ,
'ਜਖ਼ਮੀ' ਦੀ ਆਦਤ ਹੈ ਦਿਲ ਦੀ ਗੱਲ ਕਹੇ।

(ਪੰਨਾ 64)

(ੲ) ਹੱਕਾਂ ਹੇਤ ਲੜਾਂਗੇ ਆਪਣਾ ਰੱਬ ਘੜਾਂਗੇ,
ਹੋਣ ਬਰਾਬਰ ਟਿੱਬੇ ਟੋਏ, ਬਾਗੀ ਹੋਈਆਂ ਗ਼ਜ਼ਲਾਂ।

(ਪੰਨਾ 106)

(ਸ) ਫਾਸ਼ੀਵਾਦੀਆਂ ਅੱਗੇ ਨਾ ਝੁਕੇ ਜਿਹੜਾ,
ਵਾਰੇ ਹੱਸ ਕੇ ਸੱਚ ਲਈ ਜਾਨ ਲੇਖਕ।

(ਪੰਨਾ 99)

ਉਹ ਮੰਨਦਾ ਹੈ ਕਿ ਸਾਹਿਤ ਸਿਰਜਣਾ ਕੋਈ ਮਾਨਸਿਕ ਭੁਸ ਪੂਰਾ ਕਰਨ ਵਾਲੀ ਗੱਲ ਨਹੀਂ ਹੁੰਦੀ ਬਲਕਿ ਸਾਹਿਤ ਨੇ ਹੀ ਸਮੇਂ ਦੇ ਲੋਕ-ਵਿਰੋਧੀ ਰਾਜ ਪ੍ਰਬੰਧ ਦੇ ਖਿਲਾਫ਼ ਪੈਦਾ ਹੋਏ ਲੋਕ-ਰੋਹ ਨੂੰ ਲੋਕ-ਮੁਕਤੀ ਦੀ ਇੱਕ ਵੱਡੀ ਲੜਾਈ ਵਿੱਚ ਤਬਦੀਲ ਕਰਨਾ ਹੁੰਦਾ ਹੈ। ਆਰਥਿਕ, ਸਮਾਜਿਕ, ਧਾਰਮਿਕ ਅਤੇ ਰਾਜਨੀਤਕ ਤੌਰ ਤੇ ਨਪੁੰਸਕ ਕੀਤੇ ਜਾ ਰਹੇ ਆਮ ਆਦਮੀ ਨੂੰ ਜਗਰੂਕ ਅਤੇ ਜੱਥੇਬੰਦ ਕਰਨਾ ਹੀ ਇਕ ਲੇਖਕ ਦਾ ਮਕਸਦ ਹੋਣਾ ਚਾਹੀਦਾ ਹੈ -

(ੳ) ਗੱਲ ਕਿਸੇ ਦੇ ਸਮਝ ਨਹੀਂ ਜੇ ਆਉਣੀ ਤੇਰੀ,
ਲੋੜ ਨਹੀਂ ਫਿਰ ਕਵੀਆਂ ਐਸੀ ਕਾਵਿਕਤਾ ਦੀ।

ਪੰਨਾ 22)

(ਅ) 'ਜ਼ਖ਼ਮੀ' ਹੁੰਦੈ ਹੱਲ ਜਦੋਂ ਰੋਟੀ ਦਾ ਮਸਲਾ,
ਗ਼ਜ਼ਲਾਂ, ਗੀਤ ਤਦੇ ਹੀ ਲੁੱਡੀ ਪਾ ਸਕਦੇ ਨੇ।

(ਪੰਨਾ 74)

(ੲ) ਉਹੀ ਕਲਮਾਂ ਧੰਨ ਨੇ, ਬਣੀਆਂ ਜੋ ਕਿਰਪਾਨ,
'ਜਖ਼ਮੀ' ਲੋਟੂ ਰਾਜ ਤੇ ਕਰਨ ਕਰਾਰੀ ਚੋਟ।

(ਪੰਨਾ 103)

ਸਰਕਾਰੀ ਸਨਮਾਨਾਂ ਦੀ ਭੁੱਖ ਲਈ ਉਚੇਚੇ ਤੌਰ 'ਤੇ ਕਿਤਾਬਾਂ ਲਿਖਣ ਵਾਲੇ ਸਾਹਿਤਕਾਰਾਂ ਦੇ ਮੁਕਾਬਲੇ ਲੋਕ ਪੱਖੀ ਵਿਚਾਰਧਾਰਾ ਵਾਲੇ ਲੇਖਕ ਭਾਵੇਂ ਅਜੇ ਵੀ ਵੱਡੀ ਗਿਣਤੀ ਵਿੱਚ ਮੌਜੂਦ ਹਨ, ਪਰ ਜਖ਼ਮੀ ਨੂੰ ਸਨਮਾਨਾਂ ਦੀ ਚਕਾਚੌਂਧ ਵਿੱਚ 'ਤੋਤੇ ਬਣੇ' ਲਿਖਾਰੀਆਂ ਨਾਲ ਸਖ਼ਤ ਨਫ਼ਰਤ ਹੈ। ਉਹ ਸਨਮਾਨਾਂ ਖਾਤਰ ਕੀਤੇ ਜਾਣ ਵਾਲੇ ਜੁਗਾੜਾਂ ਦੇ ਖਿਲਾਫ਼ ਹੈ। ਉਸਦਾ ਮੰਨਣਾ ਹੈ ਜੁਗਾੜੀ ਬੰਦੇ ਅਸਲੀ ਹੱਕਦਾਰਾਂ ਦਾ ਹੱਕ ਮਾਰਦੇ ਹਨ ਤੇ ਫੋਕੀ ਸੁਹਰਤ ਲਈ ਅਦਬੀ ਤੇ ਕਲਮੀ ਕਦਰਾਂ ਕੀਮਤਾਂ ਛਿੱਕੇ ਟੰਗ ਦਿੰਦੇ ਹਨ -

(ੳ) ਉਦੋਂ ਤੋਂ ਹੱਕ, ਸੱਚ, ਇਨਸਾਫ ਦੀ ਹੈ ਦੁਰਦਸ਼ਾ ਹੋਈ,
ਲਿਖਾਰੀ ਬਣ ਗਏ ਤੋਤੇ ਜਦੋਂ ਤੋਂ ਰੁਤਬਿਆਂ ਖਾਤਰ।

(ਪੰਨਾ 19)

(ਅ) ਸਾਹਿਤ ਵਿਚ ਸ਼੍ਰੋਮਣੀਆਂ ਦਾ ਮਿਲਣੈ ਦਰਜਾ,
ਚਰਨੀ ਸੀਸ ਝੁਕਾਈਏ ਜੇ, ਸਰਕਾਰਾਂ ਖ਼ੁਸ਼ ਨੇ।

(ਪੰਨਾ 43)

(ੲ) ਹਾਕਮ ਨੂੰ ਖ਼ਤਰਾ ਨਾ 'ਜਖ਼ਮੀ' ਤੋਤੇ ਜਦੋਂ ਲਿਖਾਰੀ ਹੋਗੇ।

(ਪੰਨਾ 70)

(ਸ) ਜਿਹਦੇ ਮੋਢੇ 'ਤੇ ਫੀਤੀ ਲਗਾਉਣ ਹਾਕਮ,
ਰਾਤੋ ਰਾਤ ਹੀ ਬਣੇ ਵਿਦਵਾਨ ਲੇਖਕ।

(ਪੰਨਾ 99)

ਕਰਮ ਸਿੰਘ ਜਖ਼ਮੀ ਨੂੰ ਮਾਂ ਬੋਲੀ ਪੰਜਾਬੀ ਨਾਲ ਅਥਾਹ ਪਿਆਰ ਹੈ। ਅੱਧੀ ਦਰਜਨ ਤੋਂ ਵੱਧ ਗ਼ਜ਼ਲ ਸੰਗ੍ਰਹਿ ਰਚ ਕੇ, ਕਾਵਿ ਸੰਗ੍ਰਹਿ ਰਚ ਕੇ ਸੰਪਾਦਨਾ ਕਰਕੇ, ਮਾਲਵਾ ਲਿਖਾਰੀ ਸਭਾ ਦੇ ਪ੍ਰਧਾਨ ਵਜੋਂ ਸੇਵਾਵਾਂ ਨਿਭਾ ਕੇ, ਆਲੇ ਦੁਆਲੇ ਦੀਆਂ ਸਾਹਿਤ-ਸਭਾਵਾਂ ਦੀ ਬੇਨਾਂਗਾ ਰੌਣਕ ਬਣਕੇ, ਉਸ ਨੂੰ ਲੱਗਦਾ ਹੈ, ਅਜੇ ਤਾਂ ਸੇਰ ਚੋਂ ਪੂਣੀ ਕੱਤੀ ਐ, ਤਿਲਫ਼ੁਲ ਈ ਸੇਵਾ ਕੀਤੀ ਆ, ਗ਼ਜ਼ਲਕਾਰੀ ਵੀ ਇਸ ਨਿਮਰਤਾ ਪਿੱਛੇ ਛੁਪੀ ਦ੍ਰਿੜਤਾ ਨੂੰ ਬੇਨਿਆਜ਼ ਕਰ ਜਾਂਦੀ ਹੈ -

(ੳ) ਹਰ ਬੋਲੀ ਹੀ ਸਿਖੋ, ਕੋਈ ਮਾੜੀ ਗੱਲ ਨਹੀਂ ਹੈ,
ਜੇ ਨਾ ਹੋਵੇ ਮਨੋਂ ਵਿਸਾਰੀ, ਮਾਂ ਬੋਲੀ ਪੰਜਾਬੀ।

(ਪੰਨਾ 33)

(ਅ) ਚੁੱਪ ਚੁਪੀਤੀ ਹੀ ਬਣ ਬੈਠੀ, ਅੰਗਰੇਜ਼ੀ ਪਟਰਾਣੀ,
ਭੋਗੇ ਹਾਕਮ ਦੀ ਹੁਸ਼ਿਆਰੀ, ਮਾਂ ਬੋਲੀ ਪੰਜਾਬੀ।

(ਪੰਨਾ 33)

(ੲ) ਸੱਭਿਆਚਾਰ ਤੇ ਭਾਸ਼ਾ ਦੀ ਕਰੇ ਰਾਖੀ,
ਵੰਡੇ ਲੋਕਾਂ ਦੇ ਵਿੱਚ ਗਿਆਨ ਲੇਖਕ।

(ਪੰਨਾ 99)

ਰੁਮਾਂਟਿਕਤਾ ਮਨੁੱਖ ਦੀ ਸਹਿਜ ਪ੍ਰਵਿਰਤੀ ਹੈ, ਇਸ ਤੋਂ ਅੱਖਾਂ ਮੀਟ ਕੇ ਸਵੈ-ਪ੍ਰਗਟਾਵਾਂ ਪੂਰਨ ਰੂਪ ਵਿੱਚ ਨਹੀਂ ਕੀਤਾ ਜਾ ਸਕਦਾ।

ਜਖ਼ਮੀ ਭਾਵੇਂ ਮੁੱਢਲੀ ਗ਼ਜ਼ਲਕਾਰੀ ਨੂੰ ਰਾਜਿਆਂ ਮਹਾਰਾਜਿਆਂ ਦੀ ਕਸੀਦਕਾਰੀ ਕਹਿੰਦਾ ਹੈ, ਹਕੂਮਤਾਂ ਦੀ ਸਿਫ਼ਤ ਸਲਾਹੀ ਕਰਨਾ ਇਸਦਾ ਉਦੇਸ਼ ਮਿਥਦਾ ਹੈ, ਇਸ ਜਰੀਏ ਇਸ਼ਾਰੇ ਮਾਤਰ ਹੀ ਭਾਵਨਾਵਾਂ ਨੂੰ ਹਕੂਮਤਾਂ ਤੱਕ ਪਹੁੰਚਾਇਆ ਜਾਂਦਾ। ਗ਼ਜ਼ਲਕਾਰੀ ਦਾ ਕੇਂਦਰੀ ਬਿੰਦੂ 'ਔਰਤ' ਸੰਕੇਤ ਮਾਤਰ ਹੀ ਸਮਝੀ ਗਈ, ਪਰ ਅਜਿਹਾ ਨਹੀਂ ਹੈ।

ਅਸੀਂ ਰੁਮਾਂਟਿਕਤਾ ਨੂੰ ਮੁੰਡੇ ਕੁੜੀਆਂ ਦੇ ਪਿਆਰ ਤੇ ਔਰਤ-ਮਰਦ ਦੇ ਜਿਨਸੀ ਸਬੰਧਾਂ ਤੱਕ ਹੀ ਸੀਮਤ ਕੀਤਾ ਹੋਇਆ ਹੈ। ਅਸਲ ਵਿੱਚ ਰੁਮਾਂਸ ਜ਼ਿੰਦਗੀ ਜਿਉਣ ਦੀ ਕਲਾ ਹੈ, ਆਪਣੇ ਆਪ ਨਾਲ ਪਿਆਰ ਹੈ, ਸਮਾਜ ਨਾਲ ਪਿਆਰ ਹੈ, ਦੇਸ਼ ਨਾਲ ਮੋਹ ਹੈ, ਬ੍ਰਹਿਮੰਡ ਨਾਲ ਲਗਾਓ ਹੈ, ਸਵੈ ਅਨੰਦ ਦਾ ਜਜਬਾ ਹੈ-ਰੁਮਾਂਸ। ਰੁਮਾਂਸ ਬਿਨਾ ਆਤਮ ਇਨਕਲਾਬ ਤੇ ਬਾਹਰੀ ਇਨਕਲਾਬ ਸੰਭਵ ਨਹੀਂ "ਨਿੱਜ ਤੋਂ ਪਰ, ਪਿਆਰ ਦੀ ਯਾਤਰਾ ਹੈ, ਪਰ 'ਨਿੱਜ' ਦੀ ਅਹਿਮੀਅਤ ਕਦੇ ਵੀ ਘੱਟ ਨਹੀਂ ਹੁੰਦੀ। ਸ਼ਾਇਰ ਕਿਉਂ ਜੋ ਸੁਹਿਰਦ ਤੇ ਸੰਵੇਦਨਸ਼ੀਲ ਹੁੰਦਾ ਹੈ। ਇਸ ਲਈ ਉਸਦਾ ਹਿਰਦਾ ਦ੍ਰਵਿਤ ਹੋ ਹੀ ਜਾਂਦਾ ਹੈ।" (ਜੋਗਿੰਦਰ ਸਿੰਘ ਨਿਰਾਲਾ, ਕਰਮ ਸਿੰਘ ਜਖ਼ਮੀ ਦੀ ਗ਼ਜ਼ਲ ਸੰਵੇਦਨਾ, ਪੰਨਾ-57) ਗ਼ਜ਼ਲ ਸੰਗ੍ਰਹਿ 'ਅੱਖ ਤਿਣ' ਦੇ ਅਨੇਕਾਂ ਸ਼ੇਅਰ ਅਜਿਹੇ ਭਾਵਾਂ ਦੇ ਗਵਾਹ ਬਣਦੇ ਹਨ, ਜਿਥੇ ਆਮ ਆਦਮੀ ਦੀ ਸਹਿਜ ਪ੍ਰਵਿਰਤੀ ਦੇ ਝਲਕਾਰੇ ਸਪੱਸ਼ਟ ਹਨ -

(ੳ) ਮੋੜ ਕੇ ਮੁਖੜਾ ਜਦੋਂ ਤੋਂ ਮੀਤ ਮਨ ਦਾ ਤੁਰ ਗਿਆ,
ਦਿਸਦੀਆਂ ਸ਼ਮਸ਼ਾਨ ਵਾਂਗੂੰ ਨੇ ਉਦੋਂ ਤੋਂ ਮਹਿਫ਼ਲਾਂ।

(ਪੰਨਾ 21)

(ਅ) ਵਿਛੜਨਾ ਲੱਗਦਾ ਸੀ ਜਿਸਦਾ ਮੌਤ ਜਿਹਾ,
ਉਸ ਨਾਲੋਂ ਵੀ ਸਰਦਾ ਰਹਿੰਦੈ ਜੀਵਨ ਭਰ।

(ਪੰਨਾ 24)

(ੲ) ਮਨ ਦਾ ਮੀਤ ਲਿਖਾਵੇ ਗ਼ਜ਼ਲਾਂ,
'ਜਖ਼ਮੀ' ਤਾਂ ਬੱਸ ਨਾਮ ਜਿਹਾ ਹੈ।

(ਪੰਨਾ 26)

(ਸ) ਰਹੇ ਰੁਲਦੇ ਦਰਾਂ ਬੇਗਾਨਿਆਂ ਤੇ,
ਮਨਾਂ ਦੇ ਮੀਤ ਤੋਂ ਭੱਜਦੇ ਰਹੇ ਹਾਂ।

(ਪੰਨਾ 36)

(ਹ) ਰੁੱਸ ਕੇ ਪਾਸਾ ਵੱਟ ਲੈਂਦਾ ਹੈ ਮਨ ਦਾ ਮੀਤ ਜਦੋਂ,
ਉਸ ਵੇਲੇ ਹੀ ਪਤਝੜ ਵਿੱਚ ਬਹਾਰਾਂ ਬਦਲਦੀਆਂ।

(ਪੰਨਾ 45)

(ਕ) ਨੈਣ ਨਸ਼ੀਲੇ, ਹੋਂਠ ਰਸੀਲੇ ਤੇਰਿਆਂ ਤੋਂ,
ਮੈਂ ਤਾਂ ਹੋਇਆ ਬੈਠਾ ਹਾਂ ਬਲਿਹਾਰ ਜਿਹਾ।

(ਪੰਨਾ 55)

(ਗ) ਮਹੱਬਤ ਨੂੰ ਜਮਾਨੇ ਤੋਂ ਬੁਰਾ ਹੀ ਨਾ ਕਹਾ ਸਕਦਾ,
ਭੁਲੇਖਾ ਖ਼ੂਬਸੂਰਤ ਦਿਲ 'ਚ ਕੋਈ ਪਾਲ ਰੱਖਦਾ ਹਾਂ।

(ਪੰਨਾ 67)

(ਘ) ਦੱਸ ਦੇਵੇ ਭਾਵੇਂ ਗੱਲ ਨੂੰ ਲਕੋ ਲਵੇ,
ਭਾਲਦਾ ਹੈ ਔਰਤ ਰਕਾਨ ਆਦਮੀ।

(ਪੰਨਾ 93)

(ਙ) ਪੱਤਝੜ ਵਿਚ ਬਹਾਰ ਦਾ ਪੈਂਦੇ ਝਲਕਾਰਾ,
ਜੇਕਰ ਮਨ ਦਾ ਮੀਤ ਹੀ ਬਣ ਜਾਵੇ ਢੋਲੀ।

(ਪੰਨਾ 95)

ਸਾਹਿਤਕਾਰੀ ਦੀ ਮਨਸਾ ਸਮਾਜ ਸੁਧਾਰ ਹੁੰਦੀ ਹੈ। ਲੋਕ ਸਾਹਿਤ ਤੋਂ ਲੈ ਕੇ ਅੱਜ ਤੱਕ ਸਾਹਿਤ ਸਮਾਜਿਕ ਸਰੋਕਾਰਾਂ ਨਾਲ ਪ੍ਰਣਾਇਆ ਰਿਹਾ ਹੈ। ਸਾਹਿਤ ਹਰ ਧਿਰ ਦੀ ਰਹਿਨੁਮਾਈ ਕਰਦਾ ਹੋਇਆ

ਨੈਤਿਕ-ਮੁੱਲਾਂ ਵੱਲ ਪ੍ਰੇਰਨ ਦੀ ਆਪਣੀ ਭੂਮਿਕਾ ਨਿਭਾਉਂਦਾ ਆ ਰਿਹਾ ਹੈ। ਕਰਮ ਸਿੰਘ ਜਖ਼ਮੀ ਨੇ ਗ਼ਜ਼ਲ ਸੰਗ੍ਰਹਿ 'ਅੱਖ ਤਿਣ' ਵਿੱਚ ਅਜਿਹੇ ਅਨੇਕਾਂ ਹਲਕੇ ਫੁਲਕੇ ਪਰ ਜਰੂਰੀ ਵਿਸ਼ਿਆਂ ਨੂੰ ਕਾਵਿ ਤੱਥਾਂ ਅਤੇ ਵਿਅੰਗ ਵਿਧੀ ਰਾਹੀਂ ਦਰਸਾਇਆ ਹੈ -

(ੳ) ਤੀਆਂ ਵਰਗਾ ਜਾਵੇ ਫੇਰ ਬੁਢਾਪਾ ਵੀ,
ਕਹਿਣੇ ਵਿੱਚ ਜਦੋਂ ਧੀ ਪੁੱਤਰ ਹੁੰਦੇ ਨੇ।

(ਪੰਨਾ 14)

(ਅ) ਯਾਰ ਅਜਿਹੇ ਖੜ੍ਹਨ ਨਾ ਦਿੰਦੇ ਪੈਰਾਂ 'ਤੇ,
ਕਦਮ ਕਦਮ 'ਤੇ ਜਿਹੜੇ ਦੇਣ ਸਹਾਰੇ ਬੰਦੇ ਨੂੰ।

(ਪੰਨਾ 16)

(ੲ) ਗਾਲ ਦਿੱਤਾ ਨੌਜਵਾਨੀ ਨੂੰ ਨਸ਼ੇ ਦੇ ਕੋਹੜ ਨੇ,
ਦੇਣ ਨਾ ਕਿਧਰੇ ਦਿਖਾਈ ਕੁਸ਼ਤੀਆਂ ਤੇ ਕਸਰਤਾਂ।

(ਪੰਨਾ 21)

(ਸ) ਬੁੱਢੇ ਬਾਪੂ ਦੀ ਐਨਕ ਦੀ ਡੰਡੀ ਬਦਲੀ ਨਾ,
ਘਰ ਵਾਲੀ ਦੇ ਗਹਿਣੇ, ਜੀਪਾਂ ਕਾਰਾਂ ਬਦਲਦੀਆਂ।

(ਪੰਨਾ 45)

(ਹ) ਗਾਤਰਾ ਵੀ ਫਿਰ ਜਨੇਊ ਜਾਪਦੈ,
ਜੁਲਮ ਹੁੰਦਾ ਦੇਖ ਕੇ ਜੇਕਰ ਟਲੇ।

(ਪੰਨਾ 52)

(ਕ) ਇੱਕ ਬਾਟੇ 'ਚ ਛਕਿਆ, ਭਾਵੇਂ ਅੰਮ੍ਰਿਤ ਖੰਡੇ ਬਾਟੇ ਦਾ,
ਅੰਤਰਜਾਤੀ ਵਿਆਹਾਂ ਦੇ ਪਰ ਗਲੇ ਦਬਾਈ ਜਾਂਦੇ ਹੋ।

(ਪੰਨਾ 69)

(ਖ) ਮੇਜਾਂ ਉੱਤੇ ਬੋਤਲਾਂ ਭਾਈਆਂ ਨੇ ਧਰੀਆਂ,
ਵਿਹੜੇ ਵਿੱਚੋਂ ਭੈਣ ਦੀ ਕੀ ਉੱਠੀ ਡੋਲੀ।

(ਪੰਨਾ 95)

(ਘ) ਦਾਰੂ ਦੀ ਸਹੁੰ ਪਾਉਂਦੇ ਜਿਹੜੇ,
ਉਹਨਾ ਨੂੰ ਅਜਮਾਉਂਦਾ ਠੇਕਾ।

(ਪੰਨਾ 60)

(ਙ) ਖੁਸਰਾ ਜਨਮ ਲਵੇ ਨਾ 'ਜਖ਼ਮੀ',
ਬੇਸ਼ਕ ਮਨ ਨੂੰ ਭਾਉਂਦੇ ਖੁਸਰੇ।

(ਪੰਨਾ 61)

ਸਮੁੱਚੇ ਅਧਿਐਨ ਤੋਂ ਸਪੱਸ਼ਟ ਹੈ ਕਿ ਕਰਮ ਸਿੰਘ ਜਖ਼ਮੀ ਦਾ ਗ਼ਜ਼ਲ ਸੰਗ੍ਰਹਿ 'ਅੱਖ ਤਿਣ' ਇਨਸਾਫ ਲਈ ਕੀਤੀ ਬਗਾਬਤ, ਭਗਤ ਸਿੰਘ ਵਾਂਗ ਖੜੀ ਬਾਂਹ ਰੱਖ ਕੇ ਸਿਸਟਮ ਨੂੰ ਮਾਰਿਆ ਲਲਕਾਰਾ, ਵਿਸ਼ਵੀਕਰਨ ਦੀਆਂ ਅਲਾਮਤਾਂ ਦੀ ਪਛਾਣ, ਸੁੱਤੀ ਜਮੀਰ ਨੂੰ ਦਿੱਤਾ ਹਲੂਣਾ, ਵਹਿਮਾਂ-ਭਰਮਾਂ, ਪਾਖ਼ੰਡਾਂ ਤੋਂ ਅਗਾਹ ਰਹਿਣ ਦੀ ਚਿਤਾਵਨੀ, ਰਾਜਨੀਤੀਵਾਨਾਂ ਦੀਆਂ ਲੂੰਬੜਚਾਲਾਂ ਦੀ ਸਨਾਖ਼ਤ, ਸਾਹਿਤ ਸਿਰਜਕਾਂ ਨੂੰ ਆਪਣਾ ਮੂਲ-ਪਛਾਨਣ ਦਾ ਨਿਹੋਰਾ, ਰੁਮਾਂਟਿਕ ਜਜਬਿਆਂ ਦੀ ਅਛੋਪਲੇ ਪੇਸ਼ਕਾਰੀ ਅਤੇ ਨੈਤਿਕ-ਕਦਰਾਂ ਕੀਮਤਾਂ ਦੀ ਪੱਟੀ ਪੜ੍ਹਾਉਂਦਾ ਹੋਇਆ, ਮਨੁੱਖ ਨੂੰ ਖੁਸ਼ ਤੇ ਖੁਸ਼ਹਾਲ ਹੋ ਕੇ ਜਿਉਣ ਦੀ ਕਲਾ ਸਿਖਾਉਂਦਾ ਹੋਇਆ ਚੇਤੰਨ ਤੇ ਜਾਗ੍ਰਿਤ ਕਰਦਾ ਹੈ।

(ਅ) ਚੋਣਾਂ ਦੇ ਵਿੱਚ ਵੋਟ ਸਮਝ ਕੇ ਵਰਤ ਲਿਆ ਜਾਂਦਾ ਹੈ ਬੰਦਾ,
ਭ੍ਰਿਸ਼ਟਾਚਾਰੀ ਠੱਗ ਸਿਆਸਤਦਾਨਾਂ 'ਚੋਂ ਨਿਗਰਾਨ ਮਿਲੇ ਨਾ।

(ਪੰਨਾ 85)

(ੲ) ਕਾਂਡ, ਘੁਟਾਲੇ, ਸਾਜਿਸ਼ਾਂ ਮੰਨਣ ਨਾ ਨੇਤਾ
ਸਰ ਜਾਂਦਾ ਹੈ ਆਖ ਕੇ ਅਖ਼ਬਾਰੀ ਗਲਤੀ।

(ਪੰਨਾ 98)

ਕ) ਨੈਣ ਨਸ਼ੀਲੇ, ਹੋਂਠ ਰਸੀਲੇ ਤੇਰਿਆਂ ਤੋਂ,
ਮੈਂ ਤਾਂ ਹੋਇਆ ਬੈਠਾ ਹਾਂ ਬਲਿਹਾਰ ਜਿਹਾ।

(ਪੰਨਾ 55)

ਬੂੰਦ ਤੋਂ ਸਮੁੰਦਰ ਦੀ ਛੱਲ ਤੱਕ ਦੇ ਸਫ਼ਰ, ਇਸ ਗ਼ਜ਼ਲ ਸੰਗ੍ਰਹਿ 'ਅੱਖ ਤਿਣ' ਨੂੰ ਖਿੜੇ-ਮੱਥੇ 'ਜੀ ਆਇਆਂ ਨੂੰ' ਕਹਿਣਾ ਬਣਦਾ ਹੈ ਅਤੇ ਅਵਘਟ ਘਾਟੀ ਦੇ ਰਾਹੀ 'ਕਰਮ ਸਿੰਘ ਜਖ਼ਮੀ' ਨੂੰ ਮੁਬਾਰਕਬਾਦ ਦੇਣਾ ਵੀ।

# ਭਗਵਾਨ ਪਰਸ਼ੂਰਾਮ ਜੀ ਦੀਆਂ ਸਿੱਖਿਆਵਾਂ ਸਾਨੂੰ ਬੇਇਨਸਾਫ਼ੀ, ਨਾਬਰਾਬਰੀ ਅਤੇ ਵਿਤਕਰੇ ਵਿਰੁੱਧ ਲੜਨ ਦੀ ਪ੍ਰੇਰਨਾ ਦਿੰਦੀਆਂ ਹਨ:ਅਰਵਿੰਦ ਕੇਜਰੀਵਾਲ

**ਜਲੰਧਰ, 15 ਜੂਨ**
**-ਸ਼.ਅ.ਬਿਓਰੋ-**

ਲੰਧਰ ਦੇ ਸਾਈਂ ਦਾਸ ਸਕੂਲ ਦੇ ਮੈਦਾਨ ਵਿੱਚ ਅੱਜ ਸ਼ਾਮ ਭਗਵਾਨ ਪਰਸ਼ੂਰਾਮ ਜੀ ਜੈਅੰਤੀ ਮੌਕੇ ਰਾਜ ਪੱਧਰੀ ਸਮਾਗਮ ਦੌਰਾਨ ਕਰਵਾਏ ਗਏ ਅਧਿਆਤਮਿਕ ਪ੍ਰੋਗਰਾਮ @ਇੱਕ ਸ਼ਾਮ ਸ਼ਿਵ ਦੇ ਨਾਮ@ ਵਿੱਚ ਪਹੁੰਚੇ ਹਜ਼ਾਰਾਂ ਸ਼ਰਧਾਲੂਆਂ ਦੇ ਨਾਲ ਆਮ ਆਦਮੀ ਪਾਰਟੀ (ਆਪ) ਦੇ ਰਾਸ਼ਟਰੀ ਕਨਵੀਨਰ ਅਰਵਿੰਦ ਕੇਜਰੀਵਾਲ ਅਤੇ ਪੰਜਾਬ ਦੇ ਮੁੱਖ ਮੰਤਰੀ ਭਗਵੰਤ ਸਿੰਘ ਮਾਨ ਨੇ ਵੀ ਸ਼ਿਰਕਤ ਕੀਤੀ।

ਇਸ ਪ੍ਰੋਗਰਾਮ ਵਿੱਚ ਸਮਾਜ ਦੇ ਹਰ ਵਰਗ ਦੇ ਲੋਕਾਂ ਨੇ ਸ਼ਿਰਕਤ ਕੀਤੀ, ਜੋ ਭਗਤੀ ਅਤੇ ਅਧਿਆਤਮਿਕਤਾ ਦੇ ਰੰਗ ਵਿੱਚ ਰੰਗੇ ਨਜ਼ਰ ਆਏ। ਮਸ਼ਹੂਰ ਗਾਇਕ ਹੰਸਰਾਜ ਰਘੂਵੰਸ਼ੀ ਨੇ ਭਗਵਾਨ ਸ਼ਿਵ ਤੇ ਭਗਵਾਨ ਪਰਸ਼ੂਰਾਮ ਜੀ ਨੂੰ ਸਮਰਪਿਤ ਭਜਨ ਗਾ ਕੇ ਸਰੋਤਿਆਂ ਨੂੰ ਮੰਤਰ-ਮੁਗਧ ਕੀਤਾ, ਜਦਕਿ ਕਈ ਪੂਜਨੀਕ ਸੰਤਾਂ ਨੇ ਵੀ ਇਸ ਮੌਕੇ ਆਪਣੀ ਹਾਜ਼ਰੀ ਲਵਾਈ।

ਇਕੱਠ ਨੂੰ ਸੰਬੋਧਨ ਕਰਦਿਆਂ @ਆਪ@ ਦੇ ਰਾਸ਼ਟਰੀ ਕਨਵੀਨਰ ਅਰਵਿੰਦ ਕੇਜਰੀਵਾਲ ਨੇ ਕਿਹਾ, ÷ਭਗਵਾਨ ਪਰਸ਼ੂਰਾਮ ਜੀ ਜੈਅੰਤੀ ਦੇ ਇਸ ਰਾਜ ਪੱਧਰੀ ਸਮਾਗਮ ਦੌਰਾਨ ਲੋਕਾਂ ਨਾਲ ਹਾਜ਼ਰੀ ਭਰਨਾ ਮੇਰੇ ਲਈ ਬਹੁਤ ਮਾਣ ਅਤੇ ਤਸੱਲੀ ਵਾਲੀ ਗੱਲ ਹੈ। ਮੈਂ ਧਾਰਮਿਕ ਉਤਸ਼ਾਹ, ਭਗਤੀ ਅਤੇ ਅਧਿਆਤਮਿਕ ਭਾਵਨਾ ਨਾਲ ਭਰੇ ਇਸ ਸਮਾਗਮ ਵਿੱਚ ਹਿੱਸਾ ਲੈ ਕੇ ਆਪਣੇ ਆਪ ਨੂੰ ਭਾਗਾਂ ਵਾਲਾ ਮਹਿਸੂਸ ਕਰ ਰਿਹਾ ਹਾਂ। ਮੈਂ ਇਸ ਸ਼ੁਭ ਦਿਹਾੜੇ @ਤੇ ਪੰਜਾਬ ਦੇ ਲੋਕਾਂ ਖਾਸ ਕਰਕੇ ਜਲੰਧਰ ਵਾਸੀਆਂ ਨੂੰ ਦਿਲੋਂ ਵਧਾਈ ਦਿੰਦਾ ਹਾਂ।

ਸਮਾਗਮ ਦੇ ਸਥਾਨ ਦੀ ਮਹੱਤਤਾ @ਤੇ ਚਾਨਣਾ ਪਾਉਂਦਿਆਂ ਅਰਵਿੰਦ ਕੇਜਰੀਵਾਲ ਨੇ ਕਿਹਾ, ÷ਪੰਜਾਬ ਸਰਕਾਰ ਨੇ ਇਸ ਮਹਾਨ ਸਮਾਗਮ ਲਈ ਬੜੀ ਸੋਚ-ਸਮਝ ਕੇ ਜਲੰਧਰ ਦੀ ਪਵਿੱਤਰ ਧਰਤੀ ਨੂੰ ਚੁਣਿਆ ਹੈ। ਜਲੰਧਰ ਦੀ ਧਰਤੀ ਆਪਣੀ ਅਮੀਰ ਵਿਰਾਸਤ, ਸੱਭਿਆਚਾਰ ਅਤੇ ਅਧਿਆਤਮਿਕਤਾ ਲਈ ਜਾਣੀ ਜਾਂਦੀ ਹੈ।

ਇੱਥੇ ਇਸ ਪਵਿੱਤਰ ਦਿਹਾੜੇ ਨੂੰ ਮਨਾਉਣਾ ਸਾਡੀਆਂ ਸੱਭਿਆਚਾਰਕ ਅਤੇ ਧਾਰਮਿਕ ਜੜ੍ਹਾਂ ਪ੍ਰਤੀ ਸਾਡੇ ਡੂੰਘੇ ਸਤਿਕਾਰ ਨੂੰ ਦਰਸਾਉਂਦਾ ਹੈ।

ਭਗਵਾਨ ਪਰਸ਼ੂਰਾਮ ਜੀ ਦੀਆਂ ਸਿੱਖਿਆਵਾਂ ਦਾ ਜ਼ਿਕਰ ਕਰਦਿਆਂ ਅਰਵਿੰਦ ਕੇਜਰੀਵਾਲ ਨੇ ਕਿਹਾ, ÷ਭਗਵਾਨ ਪਰਸ਼ੂਰਾਮ ਜੀ ਸ਼ਸਤਰ ਅਤੇ ਸ਼ਾਸਤਰ ਦੇ ਸੰਪੂਰਨ ਸੁਮੇਲ ਦੇ ਪ੍ਰਤੀਕ ਹਨ। ਉਹ ਕਮਜ਼ੋਰਾਂ ਦੀ ਰੱਖਿਆ ਅਤੇ ਜ਼ੁਲਮ ਦਾ ਖਾਤਮਾ ਕਰਨ ਲਈ ਖੜ੍ਹੇ ਹੋਏ। ਉਨ੍ਹਾਂ ਦਾ ਜੀਵਨ ਅਤੇ ਸਿੱਖਿਆਵਾਂ ਸਾਨੂੰ ਬੇਇਨਸਾਫ਼ੀ, ਨਾਬਰਾਬਰੀ ਅਤੇ ਵਿਤਕਰੇ ਦਾ ਵਿਰੋਧ ਕਰਨ ਦੀ ਪ੍ਰੇਰਨਾ ਦਿੰਦੀਆਂ ਹਨ। ਭਗਵਾਨ ਪਰਸ਼ੂਰਾਮ ਜੀ ਦਾ ਸੰਦੇਸ਼ ਕਿਸੇ ਇੱਕ ਭਾਈਚਾਰੇ ਤੱਕ ਸੀਮਤ ਨਹੀਂ ਹੈ ਬਲਕਿ ਸਮੁੱਚੀ ਮਨੁੱਖਤਾ ਲਈ ਹੈ।

ਸਮਾਜਿਕ ਸਦਭਾਵਨਾ ਪ੍ਰਤੀ ਸਰਕਾਰ ਦੀ ਵਚਨਬੱਧਤਾ ਨੂੰ ਦੁਹਰਾਉਂਦੇ ਹੋਏ, @ਆਪ@ ਸੁਪਰੀਮੋ ਨੇ ਕਿਹਾ, ÷ਭਗਵੰਤ ਮਾਨ ਸਰਕਾਰ ਪੂਰੇ ਸੂਬੇ ਵਿੱਚ ਸ਼ਾਂਤੀ, ਫਿਰਕੂ ਸਦਭਾਵਨਾ ਅਤੇ ਭਾਈਚਾਰਕ ਸਾਂਝ ਨੂੰ ਹੋਰ ਮਜ਼ਬੂਤ ਬਣਾਉਣ ਲਈ ਵਚਨਬੱਧ ਹੈ। ਅਸੀਂ ਮਹਾਨ ਗੁਰੂਆਂ, ਸੰਤਾਂ, ਮਹਾਪੁਰਸ਼ਾਂ ਅਤੇ ਪੀਰਾਂ-ਪੈਗੰਬਰਾਂ ਦੁਆਰਾ ਦਿਖਾਏ ਗਏ ਧਰਮ ਦੇ ਮਾਰਗ @ਤੇ ਚੱਲ ਰਹੇ ਹਾਂ। ਜਿਸ ਤਰ੍ਹਾਂ ਭਗਵਾਨ ਪਰਸ਼ੂਰਾਮ ਜੀ ਗਿਆਨ ਦੇ ਮਾਹਰ ਸਨ, ਉਸੇ ਤਰ੍ਹਾਂ ਸਾਡੀ ਸਰਕਾਰ ਪੰਜਾਬ ਦੇ ਨੌਜਵਾਨਾਂ ਨੂੰ ਮਿਆਰੀ ਸਿੱਖਿਆ ਅਤੇ ਹੁਨਰਮੰਦ ਬਣਾਉਣ @ਤੇ ਧਿਆਨ ਕੇਂਦਰਿਤ ਕਰ ਰਹੀ ਹੈ ਤਾਂ ਜੋ ਉਹ ਰੌਸ਼ਨ ਭਵਿੱਖ ਦਾ ਨਿਰਮਾਣ ਕਰ ਸਕਣ।

ਉਨ੍ਹਾਂ ਕਿਹਾ, ÷ਸਾਡੀ ਅਮੀਰ ਅਧਿਆਤਮਿਕ ਅਤੇ ਸੱਭਿਆਚਾਰਕ ਵਿਰਾਸਤ ਨੂੰ ਆਉਣ ਵਾਲੀਆਂ ਪੀੜ੍ਹੀਆਂ ਤੱਕ ਪਹੁੰਚਾਉਣ ਲਈ ਇਸ ਪ੍ਰੋਗਰਾਮ ਦਾ ਨਾਮ @ਇੱਕ ਸ਼ਾਮ ਸ਼ਿਵ ਦੇ ਨਾਮ@ ਰੱਖਿਆ ਗਿਆ ਹੈ। ਪੂਰੇ ਪੰਜਾਬ ਵਿੱਚੋਂ ਲਗਭਗ 25 ਪੂਜਨੀਕ ਮਹਾਂਮੰਡਲੇਸ਼ਵਰ ਸੰਤ ਇਸ ਸਮਾਗਮ ਵਿੱਚ ਹਿੱਸਾ ਲੈ ਰਹੇ ਹਨ। ਅਸੀਂ ਭਾਗਾਂ ਵਾਲੇ ਹਾਂ ਕਿ ਸਾਨੂੰ ਅਜਿਹੀਆਂ ਪਵਿੱਤਰ ਰੂਹਾਂ ਦਾ ਆਸ਼ੀਰਵਾਦ ਅਤੇ ਮਾਰਗਦਰਸ਼ਨ ਪ੍ਰਾਪਤ ਹੋ ਰਿਹਾ ਹੈ।

ਸਰਕਾਰ ਵੱਲੋਂ ਹਾਲ ਹੀ ਵਿੱਚ ਕੀਤੇ ਗਏ ਉਪਰਾਲਿਆਂ ਨੂੰ ਯਾਦ ਕਰਦਿਆਂ ਅਰਵਿੰਦ ਕੇਜਰੀਵਾਲ ਨੇ ਕਿਹਾ, ÷ਭਗਵੰਤ ਮਾਨ ਸਰਕਾਰ ਨੇ ਸਾਲ 2025 ਵਿੱਚ ਪਹਿਲੀ ਵਾਰ ਸੂਬਾ ਪੱਧਰ @ਤੇ ਭਗਵਾਨ ਪਰਸ਼ੂਰਾਮ ਜੀ ਜੈਅੰਤੀ ਮਨਾਈ ਸੀ। ਇਸੇ ਤਰ੍ਹਾਂ ਪਹਿਲੀ ਵਾਰ ਅਪ੍ਰੈਲ, 2026 ਵਿੱਚ ਪਠਾਨਕੋਟ ਵਿਖੇ ਰਾਜ ਪੱਧਰ @ਤੇ ਹਿੰਦੂ ਨਵ ਵਰਸ਼ (ਨਵਾਂ ਸਾਲ) ਮਨਾਇਆ ਗਿਆ। ਅੰਮ੍ਰਿਤਸਰ ਸਥਿਤ ਭਗਵਾਨ ਵਾਲਮੀਕਿ ਆਸ਼ਰਮ ਦੇ ਲੰਬਿਤ ਪਏ ਵਿਕਾਸ ਕਾਰਜਾਂ ਨੂੰ ਵੀ 25 ਕਰੋੜ ਰੁਪਏ ਤੋਂ ਵੱਧ ਖਰਚ ਕਰਕੇ ਪੂਰਾ ਕੀਤਾ ਹੈ।

ਇਕੱਠ ਦੇ ਅਧਿਆਤਮਿਕ ਉਦੇਸ਼ ਦਾ ਵਰਣਨ ਕਰਦਿਆਂ ਅਰਵਿੰਦ ਕੇਜਰੀਵਾਲ ਨੇ ਕਿਹਾ, ÷ਇਹ ਸ਼ਾਮ ਭਗਵਾਨ ਸ਼ਿਵ ਅਤੇ ਸਮਾਜ ਵਿੱਚ ਸਕਾਰਾਤਮਕਤਾ ਫੈਲਾਉਣ ਲਈ ਸਮਰਪਿਤ ਹੈ। ਇੱਥੇ ਹਜ਼ਾਰਾਂ ਦੀ ਗਿਣਤੀ ਵਿੱਚ ਸ਼ਰਧਾਲੂਆਂ ਨੂੰ ਸ਼ਰਧਾ ਅਤੇ ਵਿਸ਼ਵਾਸ ਨਾਲ ਇਕੱਠੇ ਹੋਏ ਦੇਖ ਕੇ ਬਹੁਤ ਖੁਸ਼ੀ ਹੋ ਰਹੀ ਹੈ।

*ਪੰਜਾਬ ਦੀ ਉਪਜਾਊ ਧਰਤੀ @ਤੇ ਕੁਝ ਵੀ ਉੱਗ ਸਕਦਾ ਹੈ, ਪਰ ਨਫ਼ਰਤ ਦੇ ਬੀਜ ਇੱਥੇ ਕਦੇ ਨਹੀਂ ਉੱਗ ਸਕਦੇ: ਮੁੱਖ ਮੰਤਰੀ ਭਗਵੰਤ ਸਿੰਘ ਮਾਨ*

ਇਕੱਠ ਨੂੰ ਸੰਬੋਧਨ ਕਰਦਿਆਂ ਮੁੱਖ ਮੰਤਰੀ ਭਗਵੰਤ ਸਿੰਘ ਮਾਨ ਨੇ ਕਿਹਾ, ÷ਪੰਜਾਬ ਦੀ ਉਪਜਾਊ ਧਰਤੀ @ਤੇ ਕੁਝ ਵੀ ਵਧ-ਫੁੱਲ ਸਕਦਾ ਹੈ, ਪਰ ਇਸ ਪਵਿੱਤਰ ਧਰਤੀ @ਤੇ ਨਫ਼ਰਤ ਦੇ ਬੀਜ ਕਦੇ ਨਹੀਂ ਉੱਗ ਸਕਦੇ। ਸਾਡੇ ਮਹਾਨ ਗੁਰੂਆਂ ਨੇ ਸਾਨੂੰ ਫਿਰਕੂ ਸਦਭਾਵਨਾ, ਸ਼ਾਂਤੀ ਅਤੇ ਭਾਈਚਾਰਕ ਸਾਂਝ ਦੀਆਂ ਕਦਰਾਂ-ਕੀਮਤਾਂ ਸਿਖਾਈਆਂ ਹਨ। ਪੰਜਾਬੀ ਧਰਮ ਜਾਂ ਭਾਈਚਾਰੇ ਤੋਂ ਉੱਪਰ ਉੱਠ ਕੇ ਹਰ ਤਿਉਹਾਰ ਮਿਲ ਕੇ



ਮਨਾਉਂਦੇ ਹਨ।

ਭਗਵਾਨ ਸ਼ਿਵ ਦੀਆਂ ਸਿੱਖਿਆਵਾਂ ਦੀ ਸ਼ਲਾਘਾ ਕਰਦਿਆਂ ਮੁੱਖ ਮੰਤਰੀ ਭਗਵੰਤ ਸਿੰਘ ਮਾਨ ਨੇ ਕਿਹਾ, ÷ਭਗਵਾਨ ਸ਼ਿਵ ਦਇਆ ਅਤੇ ਕਰੁਣਾ ਦੇ ਪ੍ਰਤੀਕ ਹਨ। ਉਹ ਭਗਤਾਂ ਦੀ ਲੋਭ, ਮੋਹ ਅਤੇ ਕ੍ਰੋਧ ਵਰਗੀਆਂ ਬੁਰਾਈਆਂ ਤੋਂ ਰਾਖੀ ਕਰਦੇ ਹਨ ਅਤੇ ਆਪਣੇ ਸ਼ਰਧਾਲੂਆਂ ਨੂੰ ਬੁੱਧੀ, ਆਸ਼ੀਰਵਾਦ ਅਤੇ ਕਿਰਪਾ ਬਖ਼ਸ਼ਦੇ ਹਨ। ਅਜਿਹੇ ਅਧਿਆਤਮਿਕ ਸਮਾਗਮ ਸਮਾਜ ਵਿੱਚ ਖੁਸ਼ਹਾਲੀ ਅਤੇ ਤਰੱਕੀ ਲਿਆਉਣ ਦੇ ਨਾਲ-ਨਾਲ ਸਮਾਜਿਕ ਸਦਭਾਵਨਾ, ਹਮਦਰਦੀ ਅਤੇ ਸਦਭਾਵਨਾ ਨੂੰ ਮਜ਼ਬੂਤ ਕਰਦੇ ਹਨ।ਸਾਰੇ ਧਰਮਾਂ ਦਾ ਸਤਿਕਾਰ ਕਰਨ ਲਈ ਸਰਕਾਰ ਦੇ ਯਤਨਾਂ ਦਾ ਜ਼ਿਕਰ ਕਰਦਿਆਂ ਮੁੱਖ ਮੰਤਰੀ ਭਗਵੰਤ ਸਿੰਘ ਮਾਨ ਨੇ ਕਿਹਾ, ÷ਇਹ ਬਹੁਤ ਤਸੱਲੀ ਵਾਲੀ ਗੱਲ ਹੈ ਕਿ ਪੰਜਾਬ ਸਰਕਾਰ ਨੇ ਹਰ ਧਰਮ ਨੂੰ ਬਰਾਬਰ ਸਤਿਕਾਰ ਦਿੱਤਾ ਹੈ। ਇੱਕ ਧਰਮ-ਨਿਰਪੱਖ ਸਰਕਾਰ ਵਜੋਂ ਅਸੀਂ ਧਾਰਮਿਕ ਅਤੇ ਸੱਭਿਆਚਾਰਕ ਮੌਕਿਆਂ ਨੂੰ ਸ਼ਾਨਦਾਰ ਢੰਗ ਨਾਲ ਮਨਾਉਣ ਲਈ ਹਰ ਸੰਭਵ ਕੋਸ਼ਿਸ਼ ਕੀਤੀ ਹੈ। ਅਸੀਂ @ਹਿੰਦ ਦੀ ਚਾਦਰ@ ਸ੍ਰੀ ਗੁਰੂ ਤੇਗ ਬਹਾਦਰ ਜੀ ਦੇ 350ਵੇਂ ਸ਼ਹੀਦੀ ਦਿਹਾੜੇ ਦੀ ਯਾਦ ਵਿੱਚ ਲੜੀਵਾਰ ਪ੍ਰੋਗਰਾਮ ਸਫਲਤਾਪੂਰਵਕ ਕਰਵਾਏ।

ਮੁੱਖ ਮੰਤਰੀ ਨੇ ਅੱਗੇ ਕਿਹਾ, ÷ਪੰਜਾਬ ਸਰਕਾਰ ਸ੍ਰੀ ਗੁਰੂ ਰਵਿਦਾਸ ਜੀ ਦੇ ਆਉਣ ਵਾਲੇ 650ਵੇਂ ਪ੍ਰਕਾਸ਼ ਪੁਰਬ ਨੂੰ ਵਿਆਪਕ ਢੰਗ ਨਾਲ ਮਨਾਉਣ ਲਈ ਪੁਖਤਾ ਪ੍ਰਬੰਧ ਕਰ ਰਹੀ ਹੈ। ਅਸੀਂ ਭਾਗਾਂ ਵਾਲੇ ਹਾਂ ਕਿ ਸਾਨੂੰ ਜ਼ਿੰਦਗੀ ਵਿੱਚ ਇਹ ਮੌਕਾ ਮਿਲਿਆ ਹੈ ਅਤੇ ਇਸ ਮੌਕੇ ਨੂੰ ਪੂਰੀ ਸ਼ਰਧਾ ਅਤੇ ਸ਼ਾਨੋ-ਸ਼ੌਕਤ ਨਾਲ ਮਨਾਉਣ ਲਈ ਕੋਈ ਕਸਰ ਬਾਕੀ ਨਹੀਂ ਛੱਡੀ ਜਾ ਰਹੀ।

ਮੁੱਖ ਮੰਤਰੀ ਤੀਰਥ ਯਾਤਰਾ ਯੋਜਨਾ ਦਾ ਜ਼ਿਕਰ ਕਰਦਿਆਂ ਮੁੱਖ ਮੰਤਰੀ ਭਗਵੰਤ ਸਿੰਘ ਮਾਨ ਨੇ ਕਿਹਾ, ÷ਪੰਜਾਬ ਸਰਕਾਰ ਨੇ ਸ਼ਰਧਾਲੂਆਂ ਨੂੰ ਸ਼੍ਰੀ ਹਰਿਮੰਦਰ ਸਾਹਿਬ, ਸ੍ਰੀ ਦੁਰਗਿਆਣਾ ਮੰਦਿਰ, ਭਗਵਾਨ ਵਾਲਮੀਕਿ ਤੀਰਥ ਸਥਲ, ਸ੍ਰੀ ਅਨੰਦਪੁਰ ਸਾਹਿਬ, ਮਾਤਾ ਨੈਣਾ ਦੇਵੀ ਜੀ ਅਤੇ ਹੋਰ ਪਵਿੱਤਰ ਸਥਾਨਾਂ ਦੀ ਮੁਫ਼ਤ ਤੀਰਥ ਯਾਤਰਾ ਕਰਵਾਉਣ ਲਈ @ਮੁੱਖ ਮੰਤਰੀ ਤੀਰਥ ਯਾਤਰਾ ਯੋਜਨਾ@ ਸ਼ੁਰੂ ਕੀਤੀ ਹੈ।

ਯੋਜਨਾ ਦੇ ਦਾਇਰੇ ਨੂੰ ਵਧਾਉਣ ਦਾ ਐਲਾਨ ਕਰਦਿਆਂ ਮੁੱਖ ਮੰਤਰੀ ਭਗਵੰਤ ਸਿੰਘ ਮਾਨ ਨੇ ਕਿਹਾ, ÷ਇਹ ਯੋਜਨਾ ਹੁਣ ਹਰਿਦੁਆਰ, ਸ਼੍ਰੀ ਖਾਟੂ ਸ਼ਿਆਮ ਜੀ ਮਹਾਰਾਜ, ਸਾਲਾਸਰ ਬਾਲਾਜੀ ਧਾਮ ਅਤੇ ਕਈ ਹੋਰ ਪੂਜਨੀਕ ਧਾਰਮਿਕ ਸਥਾਨਾਂ ਲਈ ਮੁਫ਼ਤ ਤੀਰਥ ਯਾਤਰਾ ਦੀ ਸਹੂਲਤ ਪ੍ਰਦਾਨ ਕਰੇਗੀ।

ਇਹ ਯੋਜਨਾ ਸਾਰੀਆਂ ਜਾਤਾਂ, ਧਰਮਾਂ, ਕਿਸੇ ਵੀ ਆਮਦਨ ਵਾਲੇ ਵਰਗਾਂ ਦੇ ਲੋਕਾਂ ਲਈ ਖੁੱਲ੍ਹੀ ਹੈ। ਸ਼ਰਧਾਲੂਆਂ ਨੂੰ ਇਸ ਦਾ ਲਾਭ ਲੈਣ ਲਈ ਇੱਕ ਵੀ ਰੁਪਿਆ ਖਰਚ ਨਹੀਂ ਕਰਨਾ ਪਵੇਗਾ।÷ ਸਰਕਾਰ ਦੇ ਇੱਕ ਹੋਰ ਵੱਡੇ ਫੈਸਲੇ @ਤੇ ਚਾਨਣਾ ਪਾਉਂਦਿਆਂ ਮੁੱਖ ਮੰਤਰੀ ਭਗਵੰਤ ਸਿੰਘ ਮਾਨ ਨੇ ਕਿਹਾ, ÷ਸਾਰੇ ਧਰਮਾਂ ਦੇ ਪਵਿੱਤਰ ਧਾਰਮਿਕ ਗ੍ਰੰਥਾਂ ਨੂੰ ਬਣਦਾ ਸਤਿਕਾਰ ਦੇਣ ਲਈ ਪੰਜਾਬ ਸਰਕਾਰ ਨੇ ਧਾਰਮਿਕ ਗ੍ਰੰਥਾਂ ਦਾ ਪਾਵਨ ਸਰੂਪ ਲੈ ਕੇ ਜਾਣ ਲਈ ਵਿਸ਼ੇਸ਼ ਤੌਰ @ਤੇ ਤਿਆਰ ਕੀਤੇ ਵਾਹਨਾਂ ਨੂੰ ਮੋਟਰ ਵਾਹਨ ਟੈਕਸ ਤੋਂ ਛੋਟ ਦਿੱਤੀ ਹੈ।

ਉਨ੍ਹਾਂ ਅੱਗੇ ਕਿਹਾ, ÷ਧਾਰਮਿਕ ਰਸਮਾਂ ਅਤੇ ਸਮਾਗਮਾਂ ਲਈ ਪੂਰੇ ਪੰਜਾਬ ਵਿੱਚ ਲਗਭਗ 25,000 ਅਜਿਹੇ ਵਾਹਨ ਵਰਤੇ ਜਾਂਦੇ ਹਨ। ਪਹਿਲਾਂ, ਹਰੇਕ ਵਾਹਨ ਪੰਜਾਬ ਮੋਟਰ ਵਾਹਨ ਟੈਕਸੇਸ਼ਨ ਐਕਟ, 1924 ਦੇ ਤਹਿਤ ਮੋਟਰ ਵਾਹਨ ਟੈਕਸ ਵਜੋਂ ਸਾਲਾਨਾ ਲਗਭਗ 10,000 ਰੁਪਏ ਅਦਾ ਕਰਦਾ ਸੀ। ਪੰਜਾਬ ਸਰਕਾਰ ਨੇ ਹੁਣ ਇਨ੍ਹਾਂ ਵਾਹਨਾਂ ਨੂੰ ਟੈਕਸ ਤੋਂ ਛੋਟ ਦੇ ਦਿੱਤੀ ਹੈ, ਜਿਸ ਨਾਲ ਲਗਭਗ 20 ਕਰੋੜ ਤੋਂ 25 ਕਰੋੜ ਰੁਪਏ ਦੀ ਰਾਹਤ ਮਿਲੇਗੀ।ਲੋਕਾਂ ਨੂੰ ਪੰਜਾਬ ਦੇ ਸਮਾਜਿਕ ਤਾਣੇ-ਬਾਣੇ ਨੂੰ ਮਜ਼ਬੂਤ ਕਰਨ ਦਾ ਸੱਦਾ ਦਿੰਦਿਆਂ ਮੁੱਖ ਮੰਤਰੀ ਭਗਵੰਤ ਸਿੰਘ ਮਾਨ ਨੇ ਕਿਹਾ, ÷ਮੈਂ ਪੰਜਾਬ ਦੇ ਲੋਕਾਂ ਨੂੰ ਅਪੀਲ ਕਰਦਾ ਹਾਂ ਕਿ ਉਹ ਜਾਤ, ਰੰਗ, ਨਸਲ ਅਤੇ ਧਰਮ ਤੋਂ ਉੱਪਰ ਉੱਠ ਕੇ ਅਜਿਹੇ ਪਵਿੱਤਰ ਦਿਹਾੜਿਆਂ ਨੂੰ ਸਮੂਹਿਕ ਤੌਰ @ਤੇ ਮਨਾਉਣ। ਸਾਨੂੰ ਵੰਡ ਪਾਊ ਅਤੇ ਫਿਰਕੂ ਏਜੰਡਿਆਂ ਨੂੰ ਨਕਾਰਨਾ ਚਾਹੀਦਾ ਹੈ ਅਤੇ ਰੰਗਲਾ ਪੰਜਾਬ ਬਣਾਉਣ ਲਈ ਮਿਲ ਕੇ ਕੰਮ ਕਰਨਾ ਚਾਹੀਦਾ ਹੈ। ਆਓ, ਸਮਾਜਿਕ ਬੁਰਾਈਆਂ ਨੂੰ ਜੜ੍ਹੋਂ ਪੁੱਟਣ, ਕਮਜ਼ੋਰ ਵਰਗਾਂ ਦੀ ਮਦਦ ਕਰਨ ਅਤੇ ਖੁਸ਼ਹਾਲ ਅਤੇ ਨਸ਼ਾ ਮੁਕਤ ਪੰਜਾਬ ਲਈ ਸਮੂਹਿਕ ਤੌਰ @ਤੇ ਯੋਗਦਾਨ ਪਾਉਣ ਦਾ ਪ੍ਰਣ ਲਈਏ।

ਇਸ ਮੌਕੇ @ਆਪ@ ਦੇ ਸੀਨੀਅਰ ਆਗੂ ਅਤੇ @ਆਪ@ ਪੰਜਾਬ ਦੇ ਇੰਚਾਰਜ (ਪ੍ਰਭਾਰੀ) ਮਨੀਸ਼ ਸਿਸੋਦੀਆ, ਕੈਬਨਿਟ ਮੰਤਰੀ ਅਮਨ ਅਰੋੜਾ ਅਤੇ ਮੋਹਿੰਦਰ ਭਗਤ, ਸੱਭਿਆਚਾਰਕ ਮਾਮਲਿਆਂ ਦੇ ਸਲਾਹਕਾਰ ਦੀਪਕ ਬਾਲੀ ਅਤੇ ਕਈ ਹੋਰ ਪਤਵੰਤੇ ਵੀ ਹਾਜ਼ਰ ਸਨ।

# ਪੀ.ਐੱਮ.-ਕਿਸਾਨ ਯੋਜਨਾ ਦੀ ਅਗਲੀ ਕਿਸ਼ਤ ਲਈ 20 ਜੂਨ ਤੱਕ ਈ-ਕੇਵਾਈਸੀ

**ਬਠਿੰਡਾ, 15 ਜੂਨ**
**-ਗੁਰਤੇਜ ਅਤਲਾ**

ਮੁੱਖ ਖੇਤੀਬਾੜੀ ਅਫ਼ਸਰ ਡਾ. ਹਰਪ੍ਰੀਤ ਪਾਲ ਕੌਰ ਨੇ ਜ਼ਿਲ੍ਹੇ ਦੇ ਕਿਸਾਨਾਂ ਨੂੰ ਅਪੀਲ ਕੀਤੀ ਕਿ ਜਿੰਨ੍ਹਾਂ ਕਿਸਾਨਾਂ ਵੱਲੋਂ ਪ੍ਰਧਾਨ ਮੰਤਰੀ ਕਿਸਾਨ ਸਨਮਾਨ ਨਿਧੀ ਯੋਜਨਾ ਅਧੀਨ ਈ-ਕੇ.ਵਾਈ.ਸੀ ਅਤੇ ਜ਼ਮੀਨ ਦੀ ਤਸਦੀਕ ਨਹੀਂ ਕਰਵਾਈ ਗਈ ਹੈ ਤਾਂ ਉਹ ਕਿਸਾਨ ਵੀਰ ਅਗਲੀ ਕਿਸ਼ਤ ਪ੍ਰਾਪਤ ਕਰਨ ਲਈ 20 ਜੂਨ ਤੱਕ ਆਪਣੀ ਈ-ਕੇ. ਵਾਈ. ਸੀ ਅਤੇ ਜ਼ਮੀਨ ਦੀ ਤਸਦੀਕ ਪ੍ਰਕਿਰਿਆ ਤੁਰੰਤ ਮੁਕੰਮਲ ਕਰਵਾਉਣ।

ਉਨ੍ਹਾਂ ਦੱਸਿਆ ਕਿ ਭਾਰਤ ਸਰਕਾਰ ਵੱਲੋਂ ਪ੍ਰਧਾਨ ਮੰਤਰੀ ਕਿਸਾਨ ਸਨਮਾਨ ਨਿਧੀ ਯੋਜਨਾ ਹੇਠ ਲਾਭਪਾਤਰੀ ਕਿਸਾਨਾਂ ਲਈ ਈ-ਕੇਵਾਈਸੀ ਅਤੇ ਜ਼ਮੀਨ ਦੀ ਤਸਦੀਕ ਲਾਜ਼ਮੀ ਕੀਤੀ ਗਈ ਹੈ, ਤਾਂ ਕਿ ਉਨ੍ਹਾਂ ਨੂੰ ਯੋਜਨਾ ਦੀ ਅਗਲੀ ਕਿਸ਼ਤ ਪ੍ਰਾਪਤ ਕਰਨ ਵਿੱਚ ਦਿੱਕਤ ਨਾ ਆਵੇ।

ਡਾ. ਹਰਪ੍ਰੀਤ ਪਾਲ ਕੌਰ ਨੇ ਕਿਹਾ



ਕਿ ਕਿਸਾਨ ਵੀਰ ਆਪਣੇ ਨੇੜਲੇ ਕਾਮਨ ਸਰਵਿਸ ਸੈਂਟਰ, ਸੁਵਿਧਾ ਕੇਂਦਰ ਜਾਂ ਖੇਤੀਬਾੜੀ ਵਿਭਾਗ ਦੇ ਦਫ਼ਤਰ ਨਾਲ ਸੰਪਰਕ ਕਰਕੇ ਈ-ਕੇ. ਵਾਈ. ਸੀ ਅਤੇ ਜ਼ਮੀਨ ਦੀ ਤਸਦੀਕ ਦੀ ਪ੍ਰਕਿਰਿਆ ਪੂਰੀ ਕਰਵਾ ਦੇ ਹਨ। ਕਿਸਾਨ ਪੀ.ਐਮ.-ਕਿਸਾਨ ਪੋਰਟਲ 'ਤੇ ਵੀ ਆਪਣੀ ਸਥਿਤੀ ਦੀ ਜਾਂਚ ਕਰ ਸਕਦੇ ਹਨ।

ਉਨ੍ਹਾਂ ਕਿਸਾਨਾਂ ਨੂੰ ਅਪੀਲ ਕੀਤੀ ਕਿ ਕਿਸੇ ਵੀ ਅਸੁਵਿਧਾ ਤੋਂ ਬਚਣ ਲਈ ਇਹ ਕਾਰਵਾਈ ਜਲਦ ਤੋਂ ਜਲਦ ਮੁਕੰਮਲ ਕਰਵਾਈ ਜਾਵੇ ਤਾਂ ਜੋ ਯੋਜਨਾ ਦੀ ਅਗਲੀ ਕਿਸ਼ਤ ਸਮੇਂ ਯੋਜਨਾ ਅਧੀਨ ਈ-ਕੇ. ਵਾਈ. ਸੀ ਅਤੇ ਜ਼ਮੀਨ ਦੀ ਤਸਦੀਕ ਨਹੀਂ ਕਰਵਾਈ ਗਈ ਹੈ ਤਾਂ ਉਹ ਕਿਸਾਨ ਵੀਰ ਅਗਲੀ ਕਿਸ਼ਤ ਪ੍ਰਾਪਤ ਕਰਨ ਲਈ 20 ਜੂਨ ਤੱਕ ਆਪਣੀ ਈ-ਕੇ. ਵਾਈ. ਸੀ ਅਤੇ ਜ਼ਮੀਨ ਦੀ ਤਸਦੀਕ ਪ੍ਰਕਿਰਿਆ ਤੁਰੰਤ ਮੁਕੰਮਲ ਕਰਵਾਉਣ।ਉਨ੍ਹਾਂ ਦੱਸਿਆ ਕਿ ਭਾਰਤ ਸਰਕਾਰ ਵੱਲੋਂ ਪ੍ਰਧਾਨ ਮੰਤਰੀ ਕਿਸਾਨ ਸਨਮਾਨ ਨਿਧੀ ਯੋਜਨਾ ਹੇਠ ਲਾਭਪਾਤਰੀ ਕਿਸਾਨਾਂ ਲਈ ਈ-ਕੇਵਾਈਸੀ ਅਤੇ ਜ਼ਮੀਨ ਦੀ ਤਸਦੀਕ ਲਾਜ਼ਮੀ ਕੀਤੀ ਗਈ ਹੈ, ਤਾਂ ਕਿ ਉਨ੍ਹਾਂ ਨੂੰ ਯੋਜਨਾ ਦੀ ਅਗਲੀ ਦੇ ਦਫ਼ਤਰ ਨਾਲ ਸੰਪਰਕ ਕਰਕੇ ਈ-ਕੇ. ਵਾਈ. ਸੀ ਅਤੇ ਜ਼ਮੀਨ ਦੀ ਤਸਦੀਕ ਦੀ ਪ੍ਰਕਿਰਿਆ ਪੂਰੀ ਕਰਵਾ ਦੇ ਹਨ।ਕਿਸ਼ਤ ਪ੍ਰਾਪਤਸਿਰ ਉਨ੍ਹਾਂ ਦੇ ਬੈਂਕ ਖਾਤਿਆਂ ਵਿੱਚ ਪ੍ਰਾਪਤ ਹੋ ਸਕੇ।



# ਮਾਰਾ ਹਰਿਆਣਾ



## ਬੀਜੇਪੀ ਲੋਕਤੰਤਰ ਦੀ ਉਲੰਘਣਾ ਕਰਨ 'ਚ ਰੁੱਝੀ:ਅਸ਼ੋਕ ਅਰੋੜਾ



**ਸ਼ਾਹਬਾਦ ਮਾਰਕੰਡਾ, 15 ਜੂਨ**
**-ਸ਼.ਅ.ਬਿਓਰੋ-**

ਹਰਿਆਣਾ ਦੇ ਸਾਬਕਾ ਮੰਤਰੀ ਅਤੇ ਥਾਨੇਸਰ ਤੋਂ ਕਾਂਗਰਸੀ ਵਿਧਾਇਕ ਅਸ਼ੋਕ ਅਰੋੜਾ ਨੇ ਕਿਹਾ ਹੈ ਕਿ ਬਾਬਾ ਸਾਹਿਬ ਭੀਮ ਰਾਓ ਅੰਬੇਡਕਰ ਵੱਲੋਂ ਬਣਾਏ ਗਏ ਭਾਰਤੀ ਸੰਵਿਧਾਨ ਵਿੱਚ ਸਾਰੇ ਨਾਗਰਿਕਾਂ ਨੂੰ ਬਰਾਬਰ ਦਾ ਦਰਜਾ ਪ੍ਰਾਪਤ ਹੈ। ਸੰਵਿਧਾਨਕ ਅਧਿਕਾਰਾਂ ਤਹਿਤ ਹਰ ਕੋਈ ਆਪਣੀ ਮਰਜ਼ੀ ਅਨੁਸਾਰ ਵੋਟ ਦੀ ਵਰਤੋਂ ਕਰ ਸਕਦਾ ਹੈ। ਉਨ੍ਹਾਂ ਦੋਸ਼ ਲਾਇਆ ਕਿ ਦੇਸ਼ ਦੀ ਮੌਜੂਦਾ ਭਾਜਪਾ ਸਰਕਾਰ ਲੋਕਤੰਤਰ ਦੀ ਨਿਰੰਤਰ ਉਲੰਘਣਾ ਕਰਨ ਵਿੱਚ ਰੁੱਝੀ ਹੋਈ ਹੈ। ਅਰੋੜਾ ਅੱਜ ਹਲਕੇ ਦੇ ਕਾਂਗਰਸੀ ਵਰਕਰਾਂ ਦੀ ਵੋਟਰ ਸੂਚੀਆਂ ਦੀ ਵਿਸ਼ੇਸ਼ ਵਿਆਪਕ ਸੋਧ ਮੁਹਿੰਮ ਸਬੰਧੀ ਬੁਲਾਈ ਗਈ ਇੱਕ ਅਹਿਮ ਮੀਟਿੰਗ ਨੂੰ ਸੰਬੋਧਨ ਕਰ ਰਹੇ ਸਨ।

ਕਾਂਗਰਸੀ ਆਗੂ ਨੇ ਵਰਕਰਾਂ ਨੂੰ ਅਪੀਲ ਕੀਤੀ ਕਿ ਵੋਟਰ ਸੂਚੀਆਂ ਦੀ ਸੋਧ ਦਾ ਇਹ ਕਾਰਜ 15 ਜੂਨ ਤੋਂ ਸ਼ੁਰੂ ਹੋ ਰਿਹਾ ਹੈ। ਇਸ ਲਈ ਸਾਰੇ ਵਰਕਰਾਂ ਨੂੰ ਜ਼ਮੀਨੀ ਪੱਧਰ 'ਤੇ ਸਰਗਰਮ ਭੂਮਿਕਾ ਨਿਭਾ ਕੇ ਇਸ ਵਿੱਚ ਆਪਣਾ ਪੂਰਾ ਸਹਿਯੋਗ ਦੇਣਾ ਚਾਹੀਦਾ ਹੈ। ਉਨ੍ਹਾਂ ਕਿਹਾ ਕਿ ਸਾਰੇ ਵਰਕਰ ਪਹਿਲਾਂ ਖ਼ੁਦ ਇਸ ਮੁਹਿੰਮ ਦੀ ਪ੍ਰਕਿਰਿਆ ਬਾਰੇ ਚੰਗੀ ਤਰ੍ਹਾਂ ਜਾਗਰੂਕ ਹੋਣ ਅਤੇ ਫਿਰ ਆਪਣੇ ਆਲੇ-ਦੁਆਲੇ ਦੇ ਸਮੂਹ ਵੋਟਰਾਂ ਨੂੰ ਵੀ ਇਸ ਸਬੰਧੀ ਜਾਗਰੂਕ ਕਰਨ। ਅਰੋੜਾ ਨੇ ਦੱਸਿਆ ਕਿ ਇਸ ਮੁਹਿੰਮ ਤਹਿਤ ਸਾਰੇ ਵੋਟਰਾਂ ਨੂੰ ਨਿਰਧਾਰਤ ਫਾਰਮ ਭਰਨਾ ਲਾਜ਼ਮੀ ਹੈ। ਵਰਕਰ ਇਹ ਯਕੀਨੀ ਬਣਾਉਣ ਕਿ ਸਾਰੇ ਵੋਟਰ ਫ਼ਾਰਮ ਨੂੰ ਸਹੀ ਢੰਗ ਨਾਲ ਭਰਨ ਅਤੇ ਆਪਣੇ ਨਾਲ ਇੱਕ ਰੰਗੀਨ ਫੋਟੋ ਜ਼ਰੂਰ ਰੱਖਣ।

ਉਨ੍ਹਾਂ ਨੇ ਵਰਕਰਾਂ ਨੂੰ ਜ਼ੋਰ ਦੇ ਕੇ ਆਖਿਆ ਕਿ ਉਹ ਸਮੇਂ ਸਿਰ ਸਾਰੇ ਲੋੜੀਂਦੇ ਦਸਤਾਵੇਜ਼ ਪੂਰੇ ਕਰਵਾਉਣ ਅਤੇ ਚੋਣ ਕਮਿਸ਼ਨ ਦੀ ਇਸ ਪ੍ਰਕਿਰਿਆ ਵਿੱਚ ਵੱਧ-ਚੜ੍ਹ ਕੇ ਹਿੱਸਾ ਲੈਣ ਤਾਂ ਜੋ ਕਿਸੇ ਵੀ ਯੋਗ ਵੋਟਰ ਦਾ ਨਾਂ ਵੋਟਰ ਸੂਚੀ ਵਿੱਚੋਂ ਰਹਿ ਨਾ ਜਾਵੇ। ਉਨ੍ਹਾਂ ਕਿਹਾ ਕਿ ਸੋਧ ਦੀ ਇਹ ਪ੍ਰਕਿਰਿਆ ਵੋਟਰ ਸੂਚੀ ਨੂੰ ਹੋਰ ਪਾਰਦਰਸ਼ੀ ਅਤੇ ਸਹੀ ਬਣਾਉਣ ਦਾ ਇੱਕ ਅਹਿਮ ਉਪਰਾਲਾ ਹੈ। ਇਸ ਦੌਰਾਨ ਪੂਰੀ ਤਰ੍ਹਾਂ ਸੁਚੇਤ ਰਹਿਣ ਦੀ ਲੋੜ ਹੈ, ਘਬਰਾਉਣ ਦੀ ਬਿਲਕੁਲ ਕੋਈ ਲੋੜ ਨਹੀਂ ਹੈ। ਲੋਕਤੰਤਰ ਨੂੰ ਮਜ਼ਬੂਤ ਕਰਨ ਲਈ ਵੋਟਰਾਂ ਦੀ ਸਰਗਰਮ ਭਾਗੀਦਾਰੀ ਸਭ ਤੋਂ ਜ਼ਰੂਰੀ ਹੈ।

ਮੀਟਿੰਗ ਦੌਰਾਨ ਪੰਜਾਬ ਵਿੱਚ ਸਥਾਨਕ ਸੰਸਥਾਵਾਂ ਦੀਆਂ ਚੋਣਾਂ ਬਾਰੇ ਗੱਲ ਕਰਦਿਆਂ ਉਨ੍ਹਾਂ ਕਿਹਾ ਕਿ ਕਾਂਗਰਸ ਪਾਰਟੀ ਲੰਮੇ ਸਮੇਂ ਤੋਂ ਬੈਲੇਟ ਪੇਪਰ ਰਾਹੀਂ ਚੋਣਾਂ ਕਰਵਾਉਣ ਦੀ ਵਕਾਲਤ ਕਰਦੀ ਰਹੀ ਹੈ। ਉਨ੍ਹਾਂ ਦਾਅਵਾ ਕੀਤਾ ਕਿ ਅੱਜ ਦੁਨੀਆਂ ਦੇ ਕਈ ਵਿਕਸਿਤ ਦੇਸ਼ਾਂ ਨੇ ਇਲੈਕਟ੍ਰਾਨਿਕ ਮਸ਼ੀਨਾਂ ਦੀ ਵਰਤੋਂ ਬਿਲਕੁਲ ਬੰਦ ਕਰ ਦਿੱਤੀ ਹੈ। ਜਿਨ੍ਹਾਂ ਦੇਸ਼ਾਂ ਵਿੱਚ ਇਹ ਮਸ਼ੀਨਾਂ ਬਣਾਈਆਂ ਗਈਆਂ ਸਨ, ਉੱਥੇ ਵੀ ਕਈ ਥਾਵਾਂ 'ਤੇ ਇਨ੍ਹਾਂ ਦੀ ਵਰਤੋਂ 'ਤੇ ਪੂਰੀ ਤਰ੍ਹਾਂ ਪਾਬੰਦੀ ਲਗਾਈ ਗਈ ਹੈ।

## ਆਰ ਟੀ ਏ ਸਕੱਤਰ ਨੇ ਸਮੱਸਿਆਵਾਂ ਸੁਣੀਆਂ

**ਰਤੀਆ, 15 ਜੂਨ**
**-ਸ਼.ਅ.ਬਿਓਰੋ-**

ਲਘੂ ਸਕੱਤਰੇਤ ਦੇ ਸਭਾ ਹਾਲ ਵਿੱਚ ਲਾਏ ਗਏ ਕੈਂਪ ਦੌਰਾਨ ਲੋਕਾਂ ਦੀਆਂ ਸਮੱਸਿਆਵਾਂ ਸੁਣਦਿਆਂ ਆਰ ਟੀ ਏ ਸਕੱਤਰ ਸੰਜੈ ਬਿਸ਼ਨੋਈ ਨੇ ਅਧਿਕਾਰੀਆਂ ਨੂੰ ਹਰ ਸ਼ਿਕਾਇਤ ਦਾ ਨਿਰਧਾਰਤ ਸਮੇਂ ਅੰਦਰ ਪ੍ਰਭਾਵਸ਼ਾਲੀ ਅਤੇ ਤਸੱਲੀਬਖ਼ਸ਼ ਨਿਬੇੜਾ ਯਕੀਨੀ ਬਣਾਉਣ ਦੇ ਨਿਰਦੇਸ਼ ਦਿੱਤੇ ਹਨ। ਉਨ੍ਹਾਂ ਕਿਹਾ ਕਿ ਸ਼ਿਕਾਇਤਾਂ ਦੇ ਹੱਲ ਵਿੱਚ ਕਿਸੇ ਵੀ ਕਿਸਮ ਦੀ ਬੇਲੋੜੀ ਦੇਰੀ ਬਰਦਾਸ਼ਤ ਨਹੀਂ ਕੀਤੀ ਜਾਵੇਗੀ ਅਤੇ ਕੀਤੀ ਗਈ ਕਾਰਵਾਈ ਨੂੰ ਸਬੰਧਤ ਪੋਰਟਲ 'ਤੇ ਸਮੇਂ ਸਿਰ ਅਪਡੇਟ ਕੀਤਾ ਜਾਵੇ ਤਾਂ ਜੋਸ਼ਿਕਾਇਤਕਰਤਾਵਾਂ ਨੂੰ ਸਹੀ ਸਥਿਤੀ ਦੀ ਜਾਣਕਾਰੀ ਮਿਲਦੀ ਰਹੇ।ਉਨ੍ਹਾਂ ਕਿਹਾ ਕਿ ਕੈਂਪ ਆਮ ਲੋਕਾਂ ਅਤੇ ਪ੍ਰਸ਼ਾਸਨ ਦਰਮਿਆਨ ਸੰਵਾਦ ਤੇ ਭਰੋਸੇ ਨੂੰ ਮਜ਼ਬੂਤ ਕਰਨ ਦਾ ਅਹਿਮ ਸਾਧਨ ਬਣ ਚੁੱਕੇ ਹਨ। ਇਨ੍ਹਾਂ ਕੈਂਪਾਂ ਸਦਕਾ ਵੱਖ-ਵੱਖ ਵਿਭਾਗਾਂ ਦੇ ਅਧਿਕਾਰੀ ਇੱਕੋ ਥਾਂ 'ਤੇ ਮੌਜੂਦ ਰਹਿ ਕੇ ਲੋਕਾਂ ਦੀਆਂ ਸਮੱਸਿਆਵਾਂ ਹੱਲ ਕਰ ਰਹੇ ਹਨ, ਜਿਸ ਨਾਲ ਨਾਗਰਿਕਾਂ ਨੂੰ ਵਾਰ-ਵਾਰ ਸਰਕਾਰੀ ਦਫ਼ਤਰਾਂ ਦੇ ਚੱਕਰ ਨਹੀਂ ਲਗਾਉਣੇ ਪੈਂਦੇ। ਆਰਟੀਏ ਸਕੱਤਰ ਨੇ ਸਪੱਸ਼ਟ ਕੀਤਾ ਕਿ ਅਧਿਕਾਰੀ ਸਿਰਫ਼ ਰਸਮੀ ਕਾਰਵਾਈ ਤੱਕ ਹੀ ਸੀਮਿਤ ਨਾ ਰਹਿਣ।

## ਹਰਿਆਣਾ 'ਚ 5ਵਾਂ ਪੇਯ ਕਮਿਸ਼ਨ ਦੇ ਪੈਨਸ਼ਨਰਾਂ ਦੇ ਡੀਏ 'ਚ ਵਾਧਾ

**ਪੰਚਕੂਲਾ, 15 ਜੂਨ**
**-ਸ਼.ਅ.ਬਿਓਰੋ-**

ਹਰਿਆਣਾ ਸਰਕਾਰ ਨੇ ਪੰਜਵੇਂ ਤਨਖ਼ਾਹ ਕਮਿਸ਼ਨ ਅਧੀਨ ਪੈਨਸ਼ਨ ਪ੍ਰਾਪਤ ਕਰਨ ਵਾਲੇ ਸੇਵਾਮੁਕਤ ਕਰਮਚਾਰੀਆਂ ਅਤੇ ਪਰਿਵਾਰਕ ਪੈਨਸ਼ਨਰਾਂ ਦੇ ਮਹਿੰਗਾਈ ਭੱਤੇ ਵਿੱਚ ਵਾਧਾ ਕੀਤਾ ਹੈ।

ਵਿੱਤ ਵਿਭਾਗ ਦੇ ਵਧੀਕ ਮੁੱਖ ਸਕੱਤਰ ਅਰੁਣ ਕੁਮਾਰ ਗੁਪਤਾ ਵੱਲੋਂ ਜਾਰੀ ਹੁਕਮ ਅਨੁਸਾਰ ਡੀ ਏ ਪਹਿਲੀ ਜੁਲਾਈ 2025 ਤੋਂ 31 ਦਸੰਬਰ, 2025 ਤੱਕ 466 ਫ਼ੀਸਦੀ ਤੋਂ ਵਧਾ ਕੇ 474 ਫ਼ੀਸਦੀ ਕਰ ਦਿੱਤਾ ਗਿਆ ਸੀ ਜਿਸ ਨੂੰ 1 ਜਨਵਰੀ, 2026 ਤੋਂ ਵਧਾ ਕੇ 483 ਫ਼ੀਸਦੀ ਕਰ ਦਿੱਤਾ ਗਿਆ ਹੈ।

ਇਸ ਨਾਲ ਪੈਨਸ਼ਨਰਾਂ ਨੂੰ ਕ੍ਰਮਵਾਰ 8 ਅਤੇ 9 ਫ਼ੀਸਦ ਦੀ ਵਾਧੂ ਰਾਹਤ ਮਿਲੇਗੀ। ਸੂਬਾ ਸਰਕਾਰ ਨੇ ਵਧੇ ਹੋਏ ਡੀ ਏ ਦੇ ਨਾਲ-ਨਾਲ ਜੁਲਾਈ 2025 ਤੋਂ ਮਈ 2026 ਤੱਕ ਦੇ 11 ਮਹੀਨਿਆਂ ਦੇ ਬਕਾਏ ਦਾ ਭੁਗਤਾਨ ਕਰਨ ਦਾ ਵੀ ਫ਼ੈਸਲਾ ਕੀਤਾ ਹੈ। ਜੂਨ ਲਈ ਵਧਿਆ ਡੀ ਏ ਅਗਲੇ ਮਹੀਨੇ ਵਾਲੀ ਪੈਨਸ਼ਨ 'ਚ ਸ਼ਾਮਲ ਕੀਤਾ ਜਾਵੇਗਾ।

## ਚੰਡੀਗੜ੍ਹ ਭਰ ਵਿੱਚ ਮੌਨਸੂਨ ਤਿਆਰੀਆਂ ਅਤੇ ਚਲ ਰਹੇ ਇਨਫ੍ਰਾਸਟ੍ਰਕਚਰ ਪ੍ਰੋਜੈਕਟਾਂ ਦਾ ਰਿਵਿਊ ਕੀਤਾ : ਮੁੱਖ ਇੰਜੀਨੀਅਰ



**ਚੰਡੀਗੜ੍ਹ, 15 ਜੂਨ**
**-ਸੰਜੀਵ ਸ਼ਰਮਾ-**

ਯੂ.ਟੀ. ਚੰਡੀਗੜ੍ਹ ਦੇ ਮੁੱਖ ਇੰਜੀਨੀਅਰ ਨੇ ਸੁਪਰਡੈਂਟ ਇੰਜੀਨੀਅਰਾਂ, ਕਾਰਜਕਾਰੀ ਇੰਜੀਨੀਅਰਾਂ ਅਤੇ ਇੰਜੀਨੀਅਰਿੰਗ ਵਿਭਾਗ ਦੇ ਹੋਰ ਅਧਿਕਾਰੀਆਂ ਨਾਲ ਮਿਲ ਕੇ ਸ਼ਹਿਰ ਭਰ ਵਿੱਚ ਚਲ ਰਹੇ ਵਿਭਿੰਨ ਵਿਕਾਸ ਅਤੇ ਰੱਖ-ਰਖਾਅ ਕਾਰਜਾਂ ਦਾ ਵਿਆਪਕ ਨਿਰੀਖਣ ਕੀਤਾ।

ਇਸ ਦੌਰੇ ਦਾ ਉਦੇਸ਼ ਪ੍ਰਗਤੀ @ਤੇ ਚਲ ਰਹੇ ਪ੍ਰੋਜੈਕਟਾਂ ਦੀ ਸਮੀਖਿਆ ਕਰਨਾ ਅਤੇ ਸਾਰੇ ਜ਼ਰੂਰੀ ਕਾਰਜਾਂ ਨੂੰ ਸਮਾਂਬੱਧ ਤਰੀਕੇ ਨਾਲ ਪੂਰਾ ਕਰਨਾ ਸੁਨਿਸ਼ਚਿਤ ਕਰਨਾ ਸੀ।

ਨਿਰੀਖਣ ਦੇ ਦੌਰਾਨ ਮੁੱਖ ਇੰਜੀਨੀਅਰ ਨੇ ਆਗਾਮੀ ਮੌਨਸੂਨ ਸੀਜ਼ਨ ਦੀਆਂ ਤਿਆਰੀਆਂ ਦਾ ਜਾਇਜ਼ਾ ਲਿਆ। ਉਨ੍ਹਾਂ ਨੇ ਵਿਭਿੰਨ ਸਥਾਨਾਂ ਦਾ ਦੌਰਾ ਕਰਕੇ ਸੜਕਾਂ ਦੀਆਂ ਨਾਲੀਆਂ ਦੀ ਸਥਿਤੀ, ਸੜਕਾਂ ਦੀ ਸਫ਼ਾਈ, ਰੁੱਖਾਂ ਦੀ ਛੰਟਾਈ ਅਤੇ ਸ਼ਹਿਰ ਦੀ ਜਲ ਨਿਕਾਸੀ ਵਿਵਸਥਾ ਵਿੱਚ ਮਹੱਤਵਪੂਰਨ ਭੂਮਿਕਾ ਨਿਭਾਉਣ ਵਾਲੇ ਪਟਿਆਲਾ-ਕੀ-ਰਾਓ ਵਿੱਚ ਚਲ ਰਹੇ ਗਾਰ ਨਿਕਾਸੀ (ਡੀ-ਸਿਲਟਿੰਗ) ਕਾਰਜਾਂ ਦਾ ਨਿਰੀਖਣ ਕੀਤਾ। ਉਨ੍ਹਾਂ ਨੇ ਸਬੰਧਿਤ ਅਧਿਕਾਰੀਆਂ ਨੂੰ ਗਾਰ ਨਿਕਾਸੀ (ਡੀ-ਸਿਲਟਿੰਗ) ਕਾਰਜਾਂ ਵਿੱਚ ਤੇਜ਼ੀ ਲਿਆਉਣ ਅਤੇ ਮਾਨਸੂਨ ਸ਼ੁਰੂ ਹੋਣ ਤੋਂ ਪਹਿਲਾਂ ਅਧਿਕਤਮ ਕਾਰਜ ਪੂਰਾ ਕਰਨ ਦੇ ਨਿਰਦੇਸ਼ ਦਿੱਤੇ ਤਾਕਿ ਵਰਖਾ ਜਲ ਦਾ ਸੁਚਾਰੂ ਪ੍ਰਵਾਹ ਸੁਨਿਸ਼ਚਿਤ ਹੋ ਸਕੇ ਅਤੇ ਜਲ ਭਰਨ ਦੀ ਸੰਭਾਵਿਤ ਸਮੱਸਿਆ ਵਾਲੇ ਖੇਤਰਾਂ ਵਿੱਚ ਰਾਹਤ ਮਿਲ ਸਕੇ।

ਮੁੱਖ ਇੰਜੀਨੀਅਰ ਨੇ ਕਿਹਾ ਕਿ ਸ਼ਹਿਰੀ ਹੜ੍ਹ ਪ੍ਰਬੰਧਨ ਲਈ ਸੜਕਾਂ ਦੀਆਂ ਨਾਲੀਆਂ ਦੀ ਨਿਯਮਿਤ ਸਫ਼ਾਈ ਅਤਿਅੰਤ ਜ਼ਰੂਰੀ ਹੈ।

ਉਨ੍ਹਾਂ ਨੇ ਫੀਲਡ ਸਟਾਫ਼ ਨੂੰ ਇਨ੍ਹਾਂ ਕਾਰਜਾਂ ਦੀ ਨਿਰੰਤਰ ਨਿਗਰਾਨੀ ਕਰਨ ਅਤੇ ਇਹ ਸੁਨਿਸ਼ਚਿਤ ਕਰਨ ਦੇ ਨਿਰਦੇਸ਼ ਦਿੱਤੇ ਕਿ ਸਾਰੀਆਂ ਸੜਕਾਂ ਦੀਆਂ ਨਾਲੀਆਂ ਗਾਰ, ਕਚਰੇ ਅਤੇ ਹੋਰ ਰੁਕਾਵਟਾਂ ਤੋਂ ਮੁਕਤ ਰਹਿਣ।

ਇਸ ਤੋਂ ਬਾਅਦ ਮੁੱਖ ਇੰਜੀਨੀਅਰ ਨੇ ਪੰਜਾਬ ਇੰਜੀਨੀਅਰਿੰਗ ਕਾਲਜ (ਪੈੱਕ/ਪੀਈਸੀ/♦53), ਚੰਡੀਗੜ੍ਹ ਵਿਖੇ ਕੁਰੂਕਸ਼ੇਤਰ ਹੋਸਟਲ ਅਤੇ ਸਰਕਾਰੀ ਕਾਲਜ, ਸੈਕਟਰ 46, ਚੰਡੀਗੜ੍ਹ ਵਿਖੇ ਹੋਸਟਲ ਬਲਾਕ ਦਾ ਦੌਰਾ ਕੀਤਾ, ਜਿੱਥੇ ਇਸ ਸਮੇਂ ਵਿਭਿੰਨ ਫਿਨਿਸ਼ਿੰਗ ਕਾਰਜ ਪ੍ਰਗਤੀ @ਤੇ ਹਨ। ਉਨ੍ਹਾਂ ਨੇ ਨਿਰਮਾਣ ਕਾਰਜਾਂ ਦੀ ਗੁਣਵੱਤਾ ਅਤੇ ਗਤੀ ਦਾ ਨਿਰੀਖਣ ਕੀਤਾ ਅਤੇ ਬਾਕੀ ਸਿਵਲ, ਇਲੈਕਟ੍ਰੀਕਲ, ਪਲੰਬਿੰਗ ਅਤੇ ਹੋਰ ਸਬੰਧਿਤ ਕਾਰਜਾਂ ਦੀ ਸਮੀਖਿਆ ਕੀਤੀ।

ਹੁਣ ਤੱਕ ਹੋਈ ਪ੍ਰਗਤੀ @ਤੇ ਤਸੱਲੀ ਵਿਅਕਤ ਕਰਦੇ ਹੋਏ ਮੁੱਖ ਇੰਜੀਨੀਅਰ ਨੇ ਇੰਜੀਨੀਅਰਿੰਗ ਵਿਭਾਗ ਦੇ ਅਧਿਕਾਰੀਆਂ ਅਤੇ ਲਾਗੂਕਰਨ ਏਜੰਸੀਆਂ ਨੂੰ ਗੁਣਵੱਤਾ ਨਾਲ ਕਿਸੇ ਪ੍ਰਕਾਰ ਦਾ ਸਮਝੌਤਾ ਕੀਤੇ ਬਿਨਾ ਹੋਸਟਲ ਪ੍ਰੋਜੈਕਟਾਂ ਨੂੰ ਜਲਦੀ ਪੂਰਾ ਕਰਨ ਦੇ ਨਿਰਦੇਸ਼ ਦਿੱਤੇ।

ਉਨ੍ਹਾਂ ਨੇ ਕਿਹਾ ਕਿ ਇਨ੍ਹਾਂ ਪ੍ਰੋਜੈਕਟਾਂ ਦਾ ਸਮੇਂ @ਤੇ ਪੂਰਾ ਹੋਣਾ ਮਹੱਤਵਪੂਰਨ ਹੈ ਤਾਕਿ ਆਗਾਮੀ ਅਕਾਦਮਿਕ ਸੈਸ਼ਨ ਤੋਂ ਵਿਦਿਆਰਥੀਆਂ ਨੂੰ ਹੋਸਟਲ ਰਿਹਾਇਸ਼ ਦੀਆਂ ਸੁਵਿਧਾਵਾਂ ਦਾ ਲਾਭ ਮਿਲ ਸਕੇ।

ਮੁੱਖ ਇੰਜੀਨੀਅਰ ਨੇ ਨਾਗਰਿਕ ਬੁਨਿਆਦੀ ਢਾਂਚੇ ਨੂੰ ਮਜ਼ਬੂਤ ??ਬਣਾਉਣ, ਜਨਤਕ ਸੁਵਿਧਾਵਾਂ ਵਿੱਚ ਸੁਧਾਰ ਕਰਨ ਅਤੇ ਨਾਗਰਿਕਾਂ ਅਤੇ ਵਿਦਿਆਰਥੀ ਸਮੁਦਾਇ ਦੇ ਹਿਤ ਵਿੱਚ ਸੇਵਾਵਾਂ ਦੀ ਪ੍ਰਭਾਵੀ ਉਪਲਬਧਤਾ ਸੁਨਿਸ਼ਚਿਤ ਕਰਨ ਦੇ ਪ੍ਰਤੀ ਇੰਜੀਨੀਅਰਿੰਗ ਵਿਭਾਗ, ਯੂ.ਟੀ. ਚੰਡੀਗੜ੍ਹ ਦੀ ਪ੍ਰਤੀਬੱਧਤਾ ਦੁਹਰਾਈ।

ਇੰਜੀਨੀਅਰਿੰਗ ਵਿਭਾਗ ਸਾਰੇ ਚਲ ਰਹੇ ਪ੍ਰੋਜੈਕਟਾਂ ਨੂੰ ਨਿਰਧਾਰਿਤ ਸਮਾਂ ਸੀਮਾ ਵਿੱਚ ਪੂਰਾ ਕਰਨ ਅਤੇ ਗੁਣਵੱਤਾ ਤੇ ਜਨਤਕ ਸੁਰੱਖਿਆ ਦੇ ਉੱਚਤਮ ਮਿਆਰਾਂ ਨੂੰ ਬਣਾਈ ਰੱਖਣ ਲਈ ਪ੍ਰਤੀਬੱਧ ਹੈ।

## ਮਾਵਾਂ-ਧੀਆਂ ਸਤਿਕਾਰ ਯੋਜਨਾ ਦਾ ਲਾਭ ਹਰ ਯੋਗ ਮਹਿਲਾ ਤੱਕ ਪਹੁੰਚਾਉਣਾ ਸਾਡਾ ਸੰਕਲਪ : ਜੈ ਕ੍ਰਿਸ਼ਨ ਸਿੰਘ ਰੌੜੀ

**ਚੰਡੀਗੜ੍ਹ, 15 ਜੂਨ**
**-ਸੰਜੀਵ ਸ਼ਰਮਾ-**

ਪੰਜਾਬ ਵਿਧਾਨ ਸਭਾ ਦੇ ਡਿਪਟੀ ਸਪੀਕਰ ਅਤੇ ਹਲਕਾ ਗੜ੍ਹਸ਼ੰਕਰ ਤੋਂ ਵਿਧਾਇਕ ਸ. ਜੈ ਕ੍ਰਿਸ਼ਨ ਸਿੰਘ ਰੌੜੀ ਦੀ ਅਗਵਾਈ ਹੇਠ ਅੱਜ ਗੜ੍ਹਸ਼ੰਕਰ ਸਥਿਤ ਉਨ੍ਹਾਂ ਦੇ ਦਫ਼ਤਰ ਵਿਖੇ ਪੰਜਾਬ ਸਰਕਾਰ ਦੀ ਮਹੱਤਵਪੂਰਨ ਮੁੱਖ ਮੰਤਰੀ ਮਾਵਾਂ-ਧੀਆਂ ਸਤਿਕਾਰ ਯੋਜਨਾ ਸਬੰਧੀ ਇੱਕ ਵਿਸ਼ੇਸ਼ ਟ੍ਰੇਨਿੰਗ ਕੈਂਪ ਲਗਾਇਆ ਗਿਆ। ਕੈਂਪ ਦਾ ਉਦੇਸ਼ ਯੋਜਨਾ ਨੂੰ ਜ਼ਮੀਨੀ ਪੱਧਰ @ਤੇ ਪ੍ਰਭਾਵਸ਼ਾਲੀ ਢੰਗ ਨਾਲ ਲਾਗੂ ਕਰਨ ਤੇ ਹਰ ਯੋਗ ਮਹਿਲਾ ਤੱਕ ਇਸ ਦਾ ਲਾਭ ਪਹੁੰਚਾਉਣ ਲਈ ਲੋੜੀਂਦੀਆਂ ਬਾਰੀਕੀਆਂ ਤੋਂ ਜਾਣੂ ਕਰਵਾਉਣਾ ਸੀ।

ਇਸ ਮੌਕੇ ਸੰਬੋਧਨ ਕਰਦਿਆਂ ਡਿਪਟੀ ਸਪੀਕਰ ਸ. ਜੈ ਕ੍ਰਿਸ਼ਨ ਸਿੰਘ ਰੌੜੀ ਨੇ ਕਿਹਾ ਕਿ ਮੁੱਖ ਮੰਤਰੀ ਭਗਵੰਤ ਸਿੰਘ ਮਾਨ ਦੀ ਅਗਵਾਈ ਵਾਲੀ ਪੰਜਾਬ ਸਰਕਾਰ ਮਹਿਲਾਵਾਂ ਦੇ ਸਮਾਜਿਕ ਅਤੇ ਆਰਥਿਕ ਸਸ਼ਕਤੀਕਰਨ ਲਈ ਵਚਨਬੱਧ ਹੈ ਅਤੇ ਇਹ ਯੋਜਨਾ ਉਸੇ ਸੋਚ ਦਾ ਪ੍ਰਤੀਕ ਹੈ। ਉਨ੍ਹਾਂ ਕਿਹਾ ਕਿ ਪੰਜਾਬ ਸਰਕਾਰ ਦੀਆਂ ਭਲਾਈ ਯੋਜਨਾਵਾਂ ਦਾ ਅਸਲ ਮਕਸਦ ਤਦ ਹੀ ਪੂਰਾ ਹੋ ਸਕਦਾ ਹੈ ਜਦੋਂ ਉਨ੍ਹਾਂ ਦਾ ਲਾਭ ਆਖ਼ਰੀ ਯੋਗ ਵਿਅਕਤੀ ਤੱਕ ਪਹੁੰਚੇ ਅਤੇ ਇਹੀ ਸਰਕਾਰ ਦਾ ਸੰਕਲਪ ਹੈ।



ਡਿਪਟੀ ਸਪੀਕਰ ਰੌੜੀ ਨੇ ਅਧਿਕਾਰੀਆਂ, ਕਰਮਚਾਰੀਆਂ ਅਤੇ ਵਲੰਟੀਅਰਾਂ ਨੂੰ ਅਪੀਲ ਕੀਤੀ ਕਿ ਉਹ ਘਰ-ਘਰ ਜਾ ਕੇ ਯੋਗ ਮਹਿਲਾਵਾਂ ਨੂੰ ਯੋਜਨਾ ਬਾਰੇ ਜਾਗਰੂਕ ਕਰਨ ਅਤੇ ਰਜਿਸਟ੍ਰੇਸ਼ਨ ਪ੍ਰਕਿਰਿਆ ਵਿੱਚ ਉਨ੍ਹਾਂ ਦੀ ਹਰ ਸੰਭਵ ਮਦਦ ਕਰਨ। ਉਨ੍ਹਾਂ ਕਿਹਾ ਕਿ ਕੋਈ ਵੀ ਯੋਗ ਮਹਿਲਾ ਸਿਰਫ਼ ਜਾਣਕਾਰੀ ਦੀ ਘਾਟ ਕਾਰਨ ਸਰਕਾਰੀ ਸਹੂਲਤਾਂ ਤੋਂ ਵਾਂਝੀ ਨਹੀਂ ਰਹਿਣੀ ਚਾਹੀਦੀ।ਟ੍ਰੇਨਿੰਗ ਕੈਂਪ ਦੌਰਾਨ ਯੋਜਨਾ ਨਾਲ ਜੁੜੇ ਅਧਿਕਾਰੀਆਂ ਅਤੇ ਕਰਮਚਾਰੀਆਂ ਨੂੰ ਯੋਗਤਾ ਸ਼ਰਤਾਂ, ਰਜਿਸਟ੍ਰੇਸ਼ਨ ਪ੍ਰਕਿਰਿਆ, ਲੋੜੀਂਦੇ ਦਸਤਾਵੇਜ਼ਾਂ, ਅਰਜ਼ੀਆਂ ਦੀ ਜਾਂਚ ਅਤੇ ਲਾਭਪਾਤਰੀਆਂ ਨੂੰ ਮਿਲਣ ਵਾਲੀਆਂ ਸਹੂਲਤਾਂ ਬਾਰੇ ਵਿਸਥਾਰਪੂਰਵਕ ਜਾਣਕਾਰੀ ਦਿੱਤੀ ਗਈ। ਇਸ ਸਿਖਲਾਈ ਵਿੱਚ ਸ਼ਮੂਲੀਅਤ ਕਰਨ ਵਾਲੇ ਹਰ ਵਿਅਕਤੀ ਦੀਆਂ ਸ਼ੰਕਾਵਾਂ ਦਾ ਨਿਪਟਾਰਾ ਕਰਦਿਆਂ ਯੋਜਨਾ ਦੇ ਸਫ਼ਲ ਲਾਗੂਕਰਨ ਲਈ ਲੋੜੀਂਦੀਆਂ ਹਦਾਇਤਾਂ ਵੀ ਜਾਰੀ ਕੀਤੀਆਂ ਗਈਆਂ।ਡਿਪਟੀ ਸਪੀਕਰ ਰੌੜੀ ਨੇ ਕਿਹਾ ਕਿ ਮੁੱਖ ਮੰਤਰੀ ਭਗਵੰਤ ਸਿੰਘ ਮਾਨ ਦੀ ਅਗਵਾਈ ਵਾਲੀ ਪੰਜਾਬ ਸਰਕਾਰ ਲੋਕ-ਭਲਾਈ ਦੀਆਂ ਸਕੀਮਾਂ ਨੂੰ ਪਾਰਦਰਸ਼ੀ ਅਤੇ ਪ੍ਰਭਾਵਸ਼ਾਲੀ ਢੰਗ ਨਾਲ ਲੋਕਾਂ ਤੱਕ ਪਹੁੰਚਾਉਣ ਲਈ ਲਗਾਤਾਰ ਯਤਨਸ਼ੀਲ ਹੈ ਅਤੇ ਮਾਵਾਂ-ਧੀਆਂ ਸਤਿਕਾਰ ਯੋਜਨਾ ਮਹਿਲਾਵਾਂ ਦੀ ਆਰਥਿਕ ਮਜ਼ਬੂਤੀ ਵੱਲ ਇੱਕ ਅਹਿਮ ਕਦਮ ਸਾਬਤ ਹੋਵੇਗੀ।

ਇਸ ਮੌਕੇ ਵੱਡੀ ਗਿਣਤੀ ਵਿੱਚ ਅਧਿਕਾਰੀ, ਕਰਮਚਾਰੀ, ਵਲੰਟੀਅਰ ਅਤੇ ਇਲਾਕੇ ਦੇ ਪਤਵੰਤੇ ਵਿਅਕਤੀ ਹਾਜ਼ਰ ਸਨ, ਜਿਨ੍ਹਾਂ ਨੇ ਯੋਜਨਾ ਨੂੰ ਹਰ ਯੋਗ ਲਾਭਪਾਤਰੀ ਤੱਕ ਪਹੁੰਚਾਉਣ ਲਈ ਪੂਰਾ ਸਹਿਯੋਗ ਦੇਣ ਦਾ ਭਰੋਸਾ ਦਿੱਤਾ।

## ਰੇਖਾ ਗੁਪਤਾ ਵਲੋਂ ਯਮੁਨਾ ਨਦੀ ਦੇ ਘਾਟਾਂ ਦੀ ਸਫ਼ਾਈ



**ਦਿੱਲੀ, 15 ਜੂਨ**
**-ਚੌਧਰੀ ਪ੍ਰਭਜੀਤ ਸਿੰਘ-**

ਮੁੱਖ ਮੰਤਰੀ ਰੇਖਾ ਗੁਪਤਾ ਅਤੇ ਉਨ੍ਹਾਂ ਦੇ ਕੈਬਨਿਟ ਸਹਿਯੋਗੀਆਂ ਨੇ ਅੱਜ ਦਿੱਲੀ ਵਿੱਚ ਯਮੁਨਾ ਨਦੀ ਦੇ 28 ਘਾਟਾਂ 'ਤੇ ਵਿਸ਼ੇਸ਼ ਸਫ਼ਾਈ ਮੁਹਿੰਮ ਚਲਾਈ। ਗੀਤਾ ਕਲੋਨੀ ਖੇਤਰ ਵਿੱਚ ਰਿਵਰਫਰੰਟ 'ਤੇ ਇਸ ਮੁਹਿੰਮ ਵਿੱਚ ਸ਼ਾਮਲ ਹੁੰਦਿਆਂ ਮੁੱਖ ਮੰਤਰੀ ਨੇ ਕਿਹਾ ਕਿ ਯਮੁਨਾ ਨਦੀ ਨੂੰ ਸਾਫ਼-ਸੁਥਰਾ ਅਤੇ ਪ੍ਰਦੂਸ਼ਣ ਮੁਕਤ ਬਣਾਉਣ ਲਈ ਆਮ ਲੋਕਾਂ ਦੀ ਹਿੱਸੇਦਾਰੀ ਸਭ ਤੋਂ ਮਹੱਤਵਪੂਰਨ ਹੈ। ਨਦੀ ਵਿੱਚ ਸੁੱਟੀਆਂ ਗਈਆਂ ਟੁੱਟੀਆਂ ਮੂਰਤੀਆਂ ਅਤੇ ਕੱਪੜਿਆਂ ਵੱਲ ਧਿਆਨ ਦਿਵਾਉਂਦਿਆਂ ਉਨ੍ਹਾਂ ਨਾਗਰਿਕਾਂ ਨੂੰ ਅਪੀਲ ਕੀਤੀ ਕਿ ਉਹ ਅਜਿਹੀਆਂ ਚੀਜ਼ਾਂ ਨਦੀ ਵਿੱਚ ਸੁੱਟਣ ਤੋਂ ਗੁਰੇਜ਼ ਕਰਨ। ਇਹ ਸਫ਼ਾਈ ਮੁਹਿੰਮ ਸਵੇਰੇ 6 ਵਜੇ ਸ਼ੁਰੂ ਹੋਈ ਅਤੇ ਲਗਾਤਾਰ ਚਾਰ ਘੰਟਿਆਂ ਤੱਕ ਚੱਲੀ। ਦਿੱਲੀ ਭਾਜਪਾ ਦੇ ਪ੍ਰਧਾਨ ਹਰਸ਼ ਮਲਹੋਤਰਾ ਨੇ ਵੀ ਪਾਰਟੀ ਦੇ ਹੋਰਨਾਂ ਆਗੂਆਂ ਅਤੇ ਵਰਕਰਾਂ ਸਮੇਤ ਯਮੁਨਾ ਬੈਂਕ ਖੇਤਰ ਵਿੱਚ ਇਸ ਮੁਹਿੰਮ ਵਿੱਚ ਹਿੱਸਾ ਲਿਆ। ਪ੍ਰਸ਼ਾਸਨਿਕ ਅਧਿਕਾਰੀਆਂ ਅਨੁਸਾਰ ਇਸ ਮੁਹਿੰਮ ਵਿੱਚ 500 ਤੋਂ ਵੱਧ ਸਮਾਜਿਕ ਅਤੇ ਧਾਰਮਿਕ ਜਥੇਬੰਦੀਆਂ ਦੇ ਵਲੰਟੀਅਰਾਂ ਸਮੇਤ ਹਜ਼ਾਰਾਂ ਨਾਗਰਿਕਾਂ ਨੇ ਸ਼ਮੂਲੀਅਤ ਕੀਤੀ। ਮੁੱਖ ਮੰਤਰੀ ਨੇ ਕਿਹਾ ਕਿ ਨਦੀ ਦੀ ਸਫ਼ਾਈ ਅਤੇ ਇਸ ਦੀ ਦੇਖਭਾਲ ਕਰਨਾ ਇੱਕ ਸਾਂਝੀ ਜ਼ਿੰਮੇਵਾਰੀ ਹੈ, ਜਿਸ ਲਈ ਸਰਕਾਰ ਅਤੇ ਸਮਾਜ ਦੋਵਾਂ ਨੂੰ ਮਿਲ ਕੇ ਕੰਮ ਕਰਨ ਦੀ ਲੋੜ ਹੈ। ਉਨ੍ਹਾਂ ਸਪੱਸ਼ਟ ਕੀਤਾ ਕਿ ਇਹ ਮੁਹਿੰਮ ਸਿਰਫ਼ ਇੱਕ ਦਿਨ ਤੱਕ ਸੀਮਿਤ ਨਹੀਂ ਰਹੇਗੀ, ਬਲਕਿ ਦਿੱਲੀ ਸਰਕਾਰ ਵੱਲੋਂ ਆਉਣ ਵਾਲੇ ਸਮੇਂ ਵਿੱਚ ਵੀ ਵੱਖ-ਵੱਖ ਥਾਵਾਂ 'ਤੇ ਅਜਿਹੀਆਂ ਸਫ਼ਾਈ ਮੁਹਿੰਮਾਂ ਲਗਾਤਾਰ ਚਲਾਈਆਂ ਜਾਣਗੀਆਂ ਅਤੇ ਇਨ੍ਹਾਂ ਵਿੱਚ ਆਮ ਲੋਕਾਂ ਨੂੰ ਸ਼ਾਮਲ ਹੋਣ ਦਾ ਸੱਦਾ ਦਿੱਤਾ ਜਾਵੇਗਾ।ਉਨ੍ਹਾਂ ਦੱਸਿਆ ਕਿ ਯਮੁਨਾ ਦੀ ਸਫ਼ਾਈ ਲਈ ਸਰਕਾਰ ਵੱਲੋਂ 1000 ਕਰੋੜ ਰੁਪਏ ਤੋਂ ਵੱਧ ਦੇ ਪ੍ਰਾਜੈਕਟਾਂ ਨੂੰ ਪਹਿਲਾਂ ਹੀ ਮਨਜ਼ੂਰੀ ਦਿੱਤੀ ਜਾ ਚੁੱਕੀ ਹੈ। ਅੰਮ੍ਰਿਤ ਯੋਜਨਾ ਤਹਿਤ ਨਜਫ਼ਗੜ੍ਹ ਖੇਤਰ ਵਿੱਚ 860 ਕਰੋੜ ਰੁਪਏ ਦੀ ਲਾਗਤ ਨਾਲ 12 ਨਵੇਂ ਵਿਕੇਂਦਰੀਕ੍ਰਿਤ ਸੀਵਰੇਜ ਟ੍ਰੀਟਮੈਂਟ ਪਲਾਂਟ ਸਥਾਪਿਤ ਕੀਤੇ ਜਾ ਰਹੇ ਹਨ। ਇਸ ਵਿਆਪਕ ਸਫ਼ਾਈ ਮੁਹਿੰਮ ਵਿੱਚ ਦਿੱਲੀ ਸਰਕਾਰ ਦੇ ਮੰਤਰੀਆਂ ਪਰਵੇਸ਼ ਸਾਹਿਬ ਸਿੰਘ, ਪੰਕਜ ਸਿੰਘ, ਰਵਿੰਦਰ ਇੰਦਰਾਜ ਅਤੇ ਦਿੱਲੀ ਵਿਧਾਨ ਸਭਾ ਦੇ ਸਪੀਕਰ ਵਿਜੇਂਦਰ ਗੁਪਤਾ ਨੇ ਵੀ ਵੱਖ-ਵੱਖ ਘਾਟਾਂ 'ਤੇ ਪਹੁੰਚ ਕੇ ਸੇਵਾ ਨਿਭਾਈ। ਇਸ ਤੋਂ ਇਲਾਵਾ ਭਾਰਤੀ ਜਨਤਾ ਪਾਰਟੀ ਦੇ ਸੰਸਦ ਮੈਂਬਰਾਂ ਰਾਮਵੀਰ ਸਿੰਘ ਬਿਧੂੜੀ ਅਤੇ ਸਵਾਤੀ ਮਾਲੀਵਾਲ ਨੇ ਵੀ ਇਸ ਮੁਹਿੰਮ ਵਿੱਚ ਹਿੱਸਾ ਲਿਆ।

## ਸਿਟਕੋ ਨੇ ਤਿੰਨ ਹੋਟਲਾਂ ਵਿੱਚ ਪੀਐਨਜੀ ਸੁਵਿਧਾ ਸ਼ੁਰੂ ਕੀਤੀ, ਹਰਿਤ ਪ੍ਰਾਹੁਣਾਚਾਰੀ ਪ੍ਰਤੀ ਪ੍ਰਤੀਬੱਧਤਾ ਹੋਰ ਮਜ਼ਬੂਤ

**ਚੰਡੀਗੜ੍ਹ, 15 ਜੂਨ**
**-ਹਰਮਨਪ੍ਰੀਤ ਕੌਰ-**

ਵਾਤਾਵਰਣਕ ਸਥਿਰਤਾ ਅਤੇ ਸੰਚਾਲਨ ਦਕਸ਼ਤਾ ਦੀ ਦਿਸ਼ਾ ਵਿੱਚ ਇੱਕ ਮਹੱਤਵਪੂਰਨ ਕਦਮ ਉਠਾਉਂਦੇ ਹੋਏ ਚੰਡੀਗੜ੍ਹ ਇੰਡਸਟ੍ਰੀਅਲ ਐਂਡ ਟੂਰਿਜ਼ਮ ਡਿਵੈਲਪਮੈਂਟ ਕਾਰਪੋਰੇਸ਼ਨ (ਸਿਟਕੋ/ਸੀਆਈਟੀਸੀਓ)ਨੇ ਆਪਣੇ ਤਿੰਨ ਪ੍ਰਮੁੱਖ ਹੋਟਲਾਂ - ਹੋਟਲ ਮਾਊਂਟਵਿਊ, ਹੋਟਲ ਸ਼ਿਵਾਲਿਕਵਿਊ, ਅਤੇ ਹੋਟਲ ਪਾਰਕਵਿਊ ਵਿੱਚ ਪਾਇਪਡ ਨੈਚੁਰਲ ਗੈਸ (ਪੀਐੱਨਜੀ) ਦਾ ਉਪਯੋਗ ਸ਼ੁਰੂ ਕਰ ਦਿੱਤਾ ਹੈ।

ਪਾਇਪਡ ਨੈਚੁਰਲ ਗੈਸ (ਪੀਐੱਨਜੀ) ਨੂੰ ਅਪਣਾਉਣਾ ਸਿਟਕੋ ਦੀ ਸਵੱਛ ਅਤੇ ਹਰਿਤ ਊਰਜਾ ਸਮਾਧਾਨਾਂ ਨੂੰ ਹੁਲਾਰਾ ਦੇਣ ਦੀ ਪ੍ਰਤੀਬੱਧਤਾ ਨੂੰ ਦਰਸਾਉਂਦਾ ਹੈ, ਜੋਟਿਕਾਊ ਸ਼ਹਿਰੀ ਵਿਕਾਸ ਲਈ ਸਰਕਾਰ ਦੀ ਪਰਿਕਲਪਨਾ ਦੇ ਅਨੁਰੂਪ ਹੈ। ਪਾਇਪਡ ਨੈਚੁਰਲ ਗੈਸ (ਪੀਐੱਨਜੀ) ਇੱਕ ਵਾਤਾਵਰਣ-ਅਨੁਕੂਲ ਈਂਧਣ ਹੈ, ਜੋ ਰਵਾਇਤੀ ਈਂਧਣ ਦੀ ਤੁਲਨਾ ਵਿੱਚ ਅਧਿਕ ਸੁਰੱਖਿਆ, ਨਿਰਵਿਘਨ ਸਪਲਾਈ, ਬਿਹਤਰ ਸੰਚਾਲਨ ਦਕਸ਼ਤਾ ਅਤੇ ਘੱਟ ਕਾਰਬਨ ਉਤਸਰਜਨ ਸੁਨਿਸ਼ਚਿਤ ਕਰਦਾ ਹੈ।

ਇਸ ਪਹਿਲ ਨਾਲ ਹੋਟਲਾਂ ਦੇ ਰਸੋਈ ਸੰਚਾਲਨ ਨੂੰ ਭਰੋਸੇਯੋਗ ਈਂਧਣ ਸਰੋਤ ਉਪਲਬਧ ਹੋਵੇਗਾ ਅਤੇ ਸਵੱਛ ਵਾਤਾਵਰਣ ਨੂੰ ਹੁਲਾਰਾ ਮਿਲੇਗਾ। ਇਹ ਕਦਮ ਸਿਟਕੋ ਦੇ ਆਪਣੇ ਪ੍ਰਾਹੁਣਾਚਾਰੀ ਬੁਨਿਆਦੀ ਢਾਂਚੇ ਦੇ ਆਧੁਨਿਕੀਕਰਣ ਅਤੇ ਊਰਜਾ ਪ੍ਰਬੰਧਨ ਵਿੱਚ ਬਿਹਤਰੀਨ ਪਿਰਤਾਂ ਨੂੰ ਅਪਣਾਉਣ ਦੇ ਪ੍ਰਯਾਸਾਂ ਨੂੰ ਵੀ ਮਜ਼ਬੂਤ ਕਰਦਾ ਹੈ।

ਸਿਟਕੋ ਦੇ ਮੈਨੇਜਿੰਗ ਡਾਇਰੈਕਟਰ ਡਾ. ਸਈਦ ਆਬਿਦ ਰਸ਼ੀਦ ਸ਼ਾਹ, ਆਈਏਐੱਸ ਨੇ ਕਿਹਾ, ਸਾਡੇ ਹੋਟਲਾਂ ਵਿੱਚ ਪਾਇਪਡ ਨੈਚੁਰਲ ਗੈਸ (ਪੀਐੱਨਜੀ ਦੀ ਸ਼ੁਰੂਆਤ ਸਿਟਕੋ ਦੀ ਸਥਿਰਤਾ ਅਤੇ ਸੰਸਾਧਨਾਂ ਦੇ ਜ਼ਿੰਮੇਦਾਰ ਪ੍ਰਬੰਧਨ ਦੇ ਪ੍ਰਤੀ ਪ੍ਰਤੀਬੱਧਤਾ ਨੂੰ ਦਰਸਾਉਂਦੀ ਹੈ। ਸਵੱਛ ਊਰਜਾ ਸਮਾਧਾਨਾਂ ਨੂੰ ਅਪਣਾ ਕੇ ਅਸੀਂ ਨਾ ਕੇਵਲ ਸੰਚਾਲਨ ਦਕਸ਼ਤਾ ਵਧਾ ਰਹੇ ਹਾਂ, ਬਲਕਿ ਇੱਕ ਹਰਿਤ ਅਤੇ ਤੰਦਰੁਸਤ ਚੰਡੀਗੜ੍ਹ ਦੇ ਨਿਰਮਾਣ ਵਿੱਚ ਵੀ ਯੋਗਦਾਨ ਦੇ ਰਹੇ ਹਾਂ। ਇਹ ਪਹਿਲ ਬੁਨਿਆਦੀ ਢਾਂਚੇ ਨੂੰ ਅਪਗ੍ਰੇਡ ਕਰਨ, ਵਾਤਾਵਰਣ ਪ੍ਰਤੀ ਜ਼ਿੰਮੇਦਾਰ ਕਾਰਜਪ੍ਰਣਾਲੀਆਂ ਨੂੰ ਅਪਣਾਉਣ ਅਤੇ ਮਹਿਮਾਨਾਂ ਨੂੰ ਉੱਚ-ਗੁਣਵੱਤਾ ਵਾਲੀਆਂ ਪ੍ਰਾਹੁਣਾਚਾਰੀ ਸੇਵਾਵਾਂ ਪ੍ਰਦਾਨ ਕਰਨ ਦੇ ਸਾਡੇ ਨਿਰੰਤਰ ਪ੍ਰਯਾਸਾਂ ਦਾ ਇੱਕ ਹੋਰ ਮਹੱਤਵਪੂਰਨ ਕਦਮ ਹੈ।

ਸਿਟਕੋਦੇ ਮੁੱਖ ਜਨਰਲ ਮੈਨੇਜਰ ਸ਼੍ਰੀ ਨਵੀਨ ਰੱਤੂ, ਡੈਨਿਕਸ ਨੇ ਕਿਹਾ, ਹੋਟਲ ਮਾਊਂਟਵਿਊ, ਹੋਟਲ ਸ਼ਿਵਾਲਿਕਵਿਊ ਅਤੇ ਹੋਟਲ ਪਾਰਕਵਿਊ ਵਿਖੇ ਪਾਇਪਡ ਨੈਚੁਰਲ ਗੈਸ (ਪੀਐੱਨਜੀ) ਸਪਲਾਈ ਨੂੰ ਲਾਗੂ ਕਰਨਾ ਇੱਕ ਮਹੱਤਵਪੂਰਨ ਸੰਚਾਲਨ ਅਪਗ੍ਰੇਡ ਹੈ। ਪਾਇਪਡ ਨੈਚੁਰਲ ਗੈਸ (ਪੀਐੱਨਜੀ) ਨਿਰੰਤਰ ਅਤੇ ਸੁਰੱਖਿਅਤ ਈਂਧਣ ਸਪਲਾਈ ਸੁਨਿਸ਼ਚਿਤ ਕਰਦੀ ਹੈ, ਰਸੋਈ ਦੀ ਕਾਰਜਕੁਸ਼ਲਤਾ ਵਧਾਉਂਦੀ ਹੈ ਅਤੇ ਰਵਾਇਤੀ ਈਂਧਣ ਪ੍ਰਣਾਲੀਆਂ ਤੇ ਨਿਰਭਰਤਾ ਘੱਟ ਕਰਦੀ ਹੈ। ਸਿਟਕੋ ਸੇਵਾ ਗੁਣਵੱਤਾ ਵਿੱਚ ਸੁਧਾਰ ਦੇ ਨਾਲ-ਨਾਲ ਵਾਤਾਵਰਣ ਸੰਭਾਲ਼ ਨੂੰ ਹੁਲਾਰਾ ਦੇਣ ਵਾਲੇ ਅਭਿਨਵ ਉਪਾਵਾਂ ਦੀ ਤਲਾਸ਼ ਜਾਰੀ ਰੱਖੇਗਾ। ਇਸ ਪਹਿਲ ਨਾਲ ਸਿਟਕੋ ਟਿਕਾਊ ਵਿਕਾਸ ਅਤੇ ਉਤਕ੍ਰਿਸ਼ਟ ਸੇਵਾ ਪ੍ਰਦਾਨ ਕਰਨ ਦੇ ਪ੍ਰਤੀ ਪ੍ਰਤੀਬੱਧ ਇੱਕ ਦੂਰਦਰਸ਼ੀ ਪ੍ਰਾਹੁਣਾਚਾਰੀ ਸੰਗਠਨ ਦੇ ਰੂਪ ਵਿੱਚ ਆਪਣੀ ਪਹਿਚਾਣ ਨੂੰ ਹੋਰ ਮਜ਼ਬੂਤ ਕਰ ਰਿਹਾ ਹੈ।














